## ਵਿਸ਼ਾ ਸਿਹਤ ਵਿਗਿਆਨ

## ਪਾਠ-1

## ਸ਼੍ਰੇਣੀ-ਦਸਵੀਂ

**Very Short**

**(ਬਹੁਤ ਹੀ ਛੋਟੇ ਉੱਤਰਾਂ ਵਾਲੇ ਪ੍ਰਸ਼ਨ)**

ਪ੍ਰ.1 ਸਿਹਤ ਵਿਗਿਆਨ ਦਾ ਸਬੰਧ ਕਿਸ ਚੀਜ਼ ਨਾਲ ਹੈ?

ਉ. ਮਨੁੱਖੀ ਸਰੀਰ ਨਾਲ਼

ਪ੍ਰ.2 ਬਾਹਰ ਮੁੱਖੀ ਸਿਹਤ ਵਿਗਿਆਨ ਕਿਸਨੂੰ ਕਹਿੰਦੇ ਹਨ?

ਉ. ਨਵਾਂ ਸਿਹਤ ਵਿਗਿਆਨ

ਪ੍ਰ.3 ਨਵਾਂ ਸਿਹਤ ਵਿਗਿਆਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?

ਉ. ਬਾਹਰ ਮੁੱਖੀ

ਪ੍ਰ.4 ਸ਼ਰਾਬ ਪੀਣ ਨਾਲ਼ ਸਰੀਰ ਦਾ ਕਿਹੜਾ ਅੰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ?

ਉ. ਜਿਗਰ

ਪ੍ਰ.5 ਅਰੋਗ ਮਨ ਦਾ ਵਾਸਾ ਕਿਸ ਸਰੀਰ ਵਿੱਚ ਹੁੰਦਾ ਹੈ?

ਉ. ਅਰੋਗ ਸਰੀਰ ਵਿੱਚ

ਪ੍ਰ.6 ਅਰੋਗ ਸਰੀਰ ਵਿੱਚ ਕਿਸ ਪ੍ਰਕਾਰ ਦੇ ਮਨ ਦਾ ਵਾਸਾ ਹੁੰਦਾ ਹੈ?

ਉ. ਅਰੋਗ ਮਨ ਦਾ

ਪ੍ਰ.7 ਆਧੁਨਿਕ ਯੁੱਗ ਵਿੱਚ ਕਿਹੋ ਜਿਹੇ ਵਿਅਕਤੀਆਂ ਦੀ ਲੋੜ ਹੈ।

ਉ. ਤੰਦਰੁਸਤ ਅਤੇ ਚੁਸਤ ਵਿਅਕਤੀਆਂ ਦੀ।

ਪ੍ਰ.8 ਸਿਹਤ ਵਿਗਿਆਨ ਕਿਸ ਚੀਜ਼ ਦਾ ਅਨਿੱਖੜਵਾਂ ਅੰਗ ਹੈ?

ਉ. ਖੇਡਾਂ ਦਾ

ਪ੍ਰ. 9 ਗਿੱਲੜ ਰੋਗ ਕਿਸ ਵਿਟਾਮਿਨ ਦੀ ਘਾਟ ਕਾਰਨ ਹੁੰਦਾ ਹੈ?

ਉ. ਆਇਓਡੀਨ ਦੀ

ਪ੍ਰ.10 ਸਿਹਤ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਗਿਆ ਹੈ?

ਉ. ਤਿੰਨ

ਪ੍ਰ.11 ਸਿਹਤ ਨੂੰ ਕਿਹੜੇ-ਕਿਹੜੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ?

ਉ. ਸਰੀਰਿਕ ਸਿਹਤ, ਮਾਨਸਿਕ ਸਿਹਤ ਅਤੇ ਸਮਾਜਿਕ ਸਿਹਤ

ਪ੍ਰ.12 ਨੌਜਵਾਨਾਂ ਨੂੰ ਆਪਣਾ ਵਾਧੂ ਸਮਾਂ ਕਿਸ ਪਾਸੇ ਲਗਾਉਣਾ ਚਾਹੀਦਾ ਹੈ ?

ਉ. ਖੇਡਾਂ ਵਾਲੇ ਪਾਸੇ।

ਪ੍ਰ.13 ਖੇਡਾਂ ਨਾਲ਼ ਕਿਹੜੇ-ਕਿਹੜੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ?

ਉ. ਆਗਿਆ ਪਾਲਣ ਕਰਨਾ, ਸੱਚ ਬੋਲਣਾ, ਸਮੇਂ ਦੇ ਪਾਬੰਦ, ਅਨੁਸ਼ਾਸ਼ਨ ਵਿੱਚ ਰਹਿਣ ਦੀ।

ਪ੍ਰ.14 ਇੱਕ ਚੰਗੇ ਨਾਗਰਿਕ ਬਣਨ ਲਈ ਸਭ ਤੋਂ ਪਹਿਲਾਂ ਕੀ ਜਰੂਰੀ ਹੈ?

ਉ. ਸਿਹਤਮੰਦ ਹੋਣਾ।

ਪ੍ਰ.15 ਖੇਡਾਂ ਦੇ ਮੈਦਾਨ ਵਿੱਚ ਕਿਸ ਚੀਜ ਦਾ ਵਿਕਾਸ ਹੁੰਦਾ ਹੈ?

ਉ. ਮਿਠਾਸ, ਮਿਲਵਰਤਨ, ਨਿਮਰਤਾ ਪ੍ਰੇਮ-ਭਾਵਨਾ ਦਾ।

ਪ੍ਰ.16 ਐਨ.ਸੀ.ਸੀ. ਅਤੇ ਸਕਾਊਟਿੰਗ ਰਾਹੀਂ ਕਿਹੜੀਆਂ ਭਾਵਨਾਵਾਂ ਜਗ੍ਰਿਤ ਹੁੰਦੀਆਂ ਹਨ?

ਉ. ਦੇਸ ਪ੍ਰਤੀ ਪ੍ਰੇਮ ਦੀਆਂ

ਪ੍ਰ.17 ਕੀਟਾਣੂ ਕਿਸਦਾ ਕਾਰਨ ਬਣਦੇ ਹਨ?

ਉ. ਬਿਮਾਰੀਆਂ ਦਾ

ਪ੍ਰ.18 ਕੀਟਾਣੂਆਂ ਤੋਂ ਬਚਾਅ ਲਈ ਕੀ ਕਰਨਾ ਚਾਹੀਦਾ ਹੈ?

ਉ. ਸਾਫ-ਸੁਥਰੇ ਕੱਪੜੇ ਪਾਉਣੇ, ਰੋਜ਼ ਨਹਾਉਣਾ, ਘਰ ਅਤੇ ਘਰ ਦਾ ਆਲ਼ਾ-ਦੁਆਲ਼ਾ ਸਾਫ ਰੱਖਣਾ।

ਪ੍ਰ.19 ਸਿਹਤ ਨੂੰ ਕਿਹੜੇ ਕਾਰਕ ਪ੍ਰਭਾਵਿਤ ਕਰਦੇ ਹਨ?

ਉ. (1) ਅੰਦਰੂਨੀ ਕਾਰਕ (2) ਬਾਹਰਲੇ ਕਾਰਕ (3) ਸੰਕਟਕਾਲੀਨ ਕਾਰਕ

ਪ੍ਰ.20 ਸਿਹਤਮੰਦ ਰਹਿਣ ਲਈ ਕਿਹੜੀਆਂ-ਕਿਹੜੀਆਂ ਚੀਜਾਂ ਦੀ ਜ਼ਰੂਰਤ ਹੈ?

ਉ. (1) ਸੰਤੁਲਿਤ ਖੁਰਾਕ (2) ਸਾਫ਼ ਭੋਜਨ ਖਾਣਾ (3) ਸਾਫ਼-ਸੁਥਰੀ ਹਵਾ ਅਤੇ ਪਾਣੀ (4) ਕਸਰਤਾਂ

ਪ੍ਰ.21 ਸਰੀਰਿਕ ਸਿੱਖਿਆ ਦਾ ਮੁੱਖ ਉਦੇਸ਼ ਕਿਹੜਾ ਹੈ?

ਉ. ਸਰਵਪੱਖੀ ਵਿਕਾਸ

ਪ੍ਰ.22 ਚੰਗੀ ਸਿਹਤ ਵਿੱਚ ਢੁੱਕਵਾਂ ਯੋਗਦਾਨ ਕੌਣ ਪਾਉਂਦਾ ਹੈ?

ਉ. ਚੰਗਾ ਆਲ਼ਾ-ਦੁਆਲ਼ਾ

ਪ੍ਰ.23 ਇੱਕ ਚੰਗੇ ਨਾਗਰਿਕ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ?

ਉ. ਭਾਈਚਾਰੇ, ਪ੍ਰੇਮ, ਮੇਲਜੋਲ ਆਦਿ ਦੇ।

ਪ੍ਰ.24 ਸਰੀਰਿਕ ਸਿੱਖਿਆ ਦੁਆਰਾ ਕਿਸਦਾ ਨਿਰਮਾਣ ਹੁੰਦਾ ਹੈ?

ਉ. ਚਰਿੱਤਰ ਦਾ

ਪ੍ਰ.25 ਮਨੋਰੰਜਨ ਅਤੇ ਮਨ ਪ੍ਰਚਾਵਾ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਉ. ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ।

**ਛੋਟੇ ਪ੍ਰਸ਼ਨ Short Questions**

ਪ੍ਰ.1 ਸਿਹਤ ਸਿੱਖਿਆ ਤੋਂ ਕੀ ਭਾਵ ਹੈ?

ਉ. ਸਿਹਤ ਸਿੱਖਿਆ ਤੋਂ ਭਾਵ ਅਜਿਹੀ ਸਿੱਖਿਆ ਹੈ ਜੋ ਸਰੀਰ ਨੂੰ ਤੰਦਰੁਸਤ ਰੱਖਣ ਬਾਰੇ ਗਿਆਨ ਪ੍ਰਦਾਨ ਕਰੇ।

ਪ੍ਰ.2 ਨਿੱਜੀ ਸਿਹਤ ਤੋਂ ਕੀ ਭਾਵ ਹੈ।

ਉ. ਨਿੱਜੀ ਸਿਹਤ ਵਿਗਿਆਨ ਤੋਂ ਭਾਵ ਹੈ ਕਿ ਵਿਅਕਤੀ ਦੇ ਸਾਰੇ ਅੰਗ ਅਤੇ ਸਰੀਰ ਦੀਆਂ ਸਾਰੀਆਂ ਪ੍ਰਨਾਲ਼ੀਆਂ ਠੀਕ ਕੰਮ ਕਰਨ ਅਤੇ ਉਹ ਸਰੀਰਿਕ ਤੌਰ 'ਤੇ ਪੂਰਨ ਤੰਦਰੁਸਤ ਹੋਵੇ।

ਪ੍ਰ.3 ਸਿਹਤ ਸਿੱਖਿਆ ਦਾ ਮੁੱਖ ਉਦੇਸ਼ ਕੀ ਹੈ।

ਉ. ਸਿਹਤ ਸਿੱਖਿਆ ਦਾ ਮੁੱਖ ਉਦੇਸ਼ ਮਨੁੱਖ ਦਾ ਸਰਵਪੱਖੀ ਵਿਕਾਸ ਕਰਨਾ ਹੈ। ਮਨੁੱਖ ਸਰੀਰਿਕ, ਮਾਨਸਿਕ, ਸਮਾਜਿਕ ਅਤੇ ਭਾਵਨਾਤਮਿਕ ਪੱਖ ਤੋਂ ਪੂਰਨ ਤੰਦਰੁਸਤ ਹੋਵੇ।

ਪ੍ਰ.4 ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿੰਨੇ ਪ੍ਰਕਾਰ ਦੇ ਹਨ?

ਉ. ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਤਿੰਨ ਪ੍ਰਕਾਰ ਦੇ ਹਨ। 1. ਬਾਹਰੀ ਕਾਰਕ 2. ਅੰਤਰੀਵ ਕਾਰਕ (3) ਆਪਾਤਕਾਲੀਨ ਕਾਰਕ

ਪ੍ਰ.5 ਅੰਤਰੀਵ ਕਾਰਨ ਕਿਸ ਤਰ੍ਹਾਂ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ?

ਉ. ਸਰੀਰ ਦੀਆਂ ਅੰਦਰੂਨੀ ਪ੍ਰਨਾਲ਼ੀਆਂ ਠੀਕ ਕੰਮ ਨਹੀਂ ਕਰਦੀਆਂ, ਜਿਸ ਨਾਲ਼ ਸਰੀਰ ਪ੍ਰਭਾਵਿਤ ਹੁੰਦਾ ਹੈ। ਇਹਨਾਂ ਨੂੰ ਅੰਤਰੀਵ ਕਾਰਕ ਕਹਿੰਦੇ ਹਨ।

ਪ੍ਰ.6 ਸਿਹਤ ਵਿਗਿਆਨ ਦਾ ਕੀ ਮੰਤਵ ਹੈ?

ਉ. ਸਰੀਰਿਕ ਸਿੱਖਿਆ ਦਾ ਨਿਸ਼ਾਨਾ ਇੱਕ ਸੁਚੱਜੀ ਅਤੇ ਚੁੱਕਵੀਂ ਅਗਵਾਈ ਦੇਣਾ ਅਤੇ ਅਜਿਹੀਆਂ ਸਹੂਲਤਾਂ ਦੇਣਾ ਹੈ, ਜੋ ਕਿਸੇ ਵਿਅਕਤੀ ਜਾਂ ਜਮਾਤ ਨੂੰ ਕੰਮ ਕਰਨ ਦਾ ਮੌਕਾ ਦੇਣਾ।

ਪ੍ਰ.7 ਚੰਗੇ ਨਾਗਰਿਕ ਦਾ ਫ਼ਰਜ਼ ਕਿਹੜਾ ਮਨੁੱਖ ਨਿਭਾ ਸਕਦਾ ਹੈ?

ਉ. ਜਿਹੜਾ ਨਾਗਰਿਕ ਰਿਸ਼ਟ-ਪੁਸ਼ਟ, ਚੁਸਤ, ਦ੍ਰਿੜ ਸਕੰਲਪੀ, ਪ੍ਰਸੰਨਚਿਤ, ਦੇਸ ਪ੍ਰੇਮੀ ਅਤੇ ਅਨੁਸ਼ਾਸਿਕ ਆਦਿ ਗੁਣਾਂ ਵਾਲਾ ਹੋਵੇ ਉਹ ਹੀ ਚੰਗੇ ਨਾਗਰਿਕ ਦਾ ਫ਼ਰਜ਼ ਨਿਭਾ ਸਕਦਾ ਹੈ।

ਪ੍ਰ.8 ਸਿਹਤ ਸਿੱਖਿਆ ਚਰਿੱਤਰ ਨਿਰਮਾਣ ਵਿੱਚ ਕਿਵੇਂ ਸਹਾਇਕ ਹੁੰਦੀ ਹੈ।

ਉ. ਖੇਡਾਂ ਦੇ ਮੈਦਾਨ ਵਿੱਚ ਬੱਚਾ, ਆਗਿਆ ਪਾਲਣ ਕਰਨ, ਸੱਚ ਬੋਲਣ, ਸਮੇਂ ਦੇ ਪਾਬੰਦ ਰਹਿਣ ਦੀ ਅਨੁਸ਼ਾਸਨ ਵਿੱਚ ਰਹਿਣ ਦੀ, ਛੋਟਿਆਂ ਨੂੰ ਪਿਆਰ ਕਰਨ ਅਤੇ ਵੱਡਿਆਂ ਦਾ ਸਤਿਕਾਰ ਕਰਨ ਦੀਆਂ ਆਦਤਾਂ ਗ੍ਰਹਿਣ ਕਰਦਾ ਹੈ। ਇਹ ਆਦਤਾਂ ਉਸਦੇ ਚਰਿਤਰ ਨਿਰਮਾਣ ਵਿੱਚ ਸਹਾਇਤਾ ਕਰਦੀਆਂ ਹਨ।

ਪ੍ਰ.9 ਸਿਹਤ ਸਿੱਖਿਆ ਦੁਆਰਾ ਦੇਸ-ਪ੍ਰੇਮ ਦੀ ਭਾਵਨਾ ਜਾਗ੍ਰਿਤ ਹੁੰਦੀ ਹੈ। ਕਿਵੇਂ?

ਉ. ਖੇਡਾਂ ਰਾਹੀਂ ਦੇਸ-ਭਗਤੀ ਦੀ ਜਾਗ ਲੱਗਦੀ ਹੈ। ਐਨ.ਸੀ.ਸੀ. ਅਤੇ ਸਕਾਊਟਿੰਗ ਰਾਹੀਂ ਦੇਸ ਪ੍ਰਤੀ ਪ੍ਰੇਮ ਦੀਆਂ ਭਾਵਨਾਵਾਂ ਜਾਗ੍ਰਿਤ ਹੁੰਦੀਆਂ ਹਨ। ਇਸ ਤਰ੍ਹਾਂ ਦੇਸ ਪ੍ਰੇਮ ਕਰਨ ਵਾਲਾ ਹੀ ਦੇਸ ਦੀ ਭਲਾਈ ਬਾਰੇ ਸੋਚ ਸਕਦਾ ਹੈ।

ਪ੍ਰ.10 ਕੀਟਾਣੂਆਂ ਤੋਂ ਕਿਵੇਂ ਬਚਾਉ ਕੀਤਾ ਜਾ ਸਕਦਾ ਹੈ?

ਉ. ਕੀਟਾਣੂਆਂ ਤੋਂ ਬਚਾਅ ਲਈ ਸਾਫ-ਸੁਥਰੇ ਕਪੜੇ ਪਾਉਣੇ, ਰੋਜ਼ ਨਹਾਉਣਾ, ਘਰ ਅਤੇ ਘਰ ਦਾ ਆਲ਼ਾ-ਦੁਆਲ਼ਾ ਸਾਫ਼ ਰੱਖਣਾ, ਭੋਜਨ ਕਰਨ ਤੋਂ ਪਹਿਲਾਂ ਹੱਥ ਧੋਣੇ ਆਦਿ ਜ਼ਰੂਰੀ ਹੈ।

ਪ੍ਰ.11 ਬਾਹਰਲੇ ਕਾਰਕ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ।

ਉ. ਬਾਹਰਲੇ ਕਾਰਕ ਉਹ ਕਾਰਕ ਹਨ ਜੋ ਵਿਅਕਤੀ ਦੇ ਸਰੀਰ ਵਿੱਚ ਦਾਖ਼ਿਲ ਹੋ ਕੇ ਸਰੀਰ ਦੀ ਕਾਰਜ ਪ੍ਰਨਾਲ਼ੀ ਪ੍ਰਭਾਵਿਤ ਕਰਦੇ ਹਨ। ਇਹ ਕਾਰਕ ਹਨ, ਅੰਸਤੁਲਿਤ ਭੋਜਨ ਨਸ਼ੇ ਆਦਿ।

ਪ੍ਰ.12 ਸੰਕਟਕਾਲੀਨ ਕਾਰਕ ਕਿਹੜੇ-ਕਿਹੜੇ ਹਨ?

ਉ. ਅਜਿਹੇ ਕਾਰਕ ਜੋ ਕੁਦਰਤੀ ਹੁੰਦੇ ਹਨ। ਇਹਨਾਂ ਕਾਰਕਾਂ ਵਿੱਚ ਅਚਾਨਕ ਹੜ੍ਹ ਆਉਣਾ, ਭੂਚਾਲ ਆਉਣਾ, ਸੋਕੇ ਦੀ ਸਥਿਤੀ ਬਣਨਾ ਜਾਂ ਅਚਾਨਕ ਕੋਈ ਦੁਰਘਟਨਾ ਹੋ ਜਾਣਾ ਸ਼ਾਮਿਲ ਹਨ।

ਪ੍ਰ.13 ਨਿੱਜੀ ਸਫ਼ਾਈ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?

ਉ. (1) ਨਿੱਜੀ ਸਫ਼ਾਈ ਲਈ ਸਾਨੂੰ ਹਰ ਰੋਜ਼ ਨਹਾਉਣਾ ਚਾਹੀਦਾ ਹੈ।

(2) ਖਾਣਾ ਖਾਣ ਤੋਂ ਪਹਿਲਾਂ ਅਤੇ ਪਿੱਛੋਂ ਹਮੇਸ਼ਾ ਹੱਥ ਧੋਣੇ ਚਾਹੀਦੇ ਹਨ।

(3) ਘਰ ਅਤੇ ਉਸ ਦੇ ਆਸ-ਪਾਸ ਦੀ ਸਫ਼ਾਈ ਰੋਜ਼ਾਨਾ ਕਰਨੀ ਚਾਹੀਦੀ ਹੈ।

ਪ੍ਰ.14 ਸੰਤੁਲਿਤ ਖੁਰਾਕ ਤੋਂ ਕੀ ਭਾਵ ਹੈ?

ਉ. ਸੰਤੁਲਿਤ ਖੁਰਾਕ ਤੋਂ ਭਾਵ ਉਸ ਭੋਜਨ ਤੋਂ ਹੈ ਜਿਸ ਵਿੱਚ ਲੋੜੀਂਦੇ ਸਾਰੇ ਤੱਤ ਜਿਵੇਂ ਪ੍ਰੋਟੀਨ, ਕਾਰਬੋਹਾਈਡਰੇਟਸ, ਪਾਣੀ, ਖਣਿਜ, ਚਰਬੀ, ਵਿਟਾਮਿਨ ਅਤੇ ਫੋਕਟ ਆਦਿ ਹੋਣ।

ਪ੍ਰ.15 ਕਸਰਤ ਕਰਨ ਦੇ ਸਿਹਤ ਲਈ ਕੀ ਲਾਭ ਹਨ?

ਉ. ਕਸਰਤ ਕਰਨ ਨਾਲ਼ ਸਾਡੇ ਸਰੀਰ ਦੇ ਸਾਰੇ ਅੰਗ ਹਿਲਦੇ-ਜੁਲਦੇ ਹਨ। ਜਿਸਦੇ ਕਾਰਨ ਸਰੀਰ ਨੂੰ ਆਕਸੀਜਨ ਜਿਆਦਾ ਮਿਲਦੀ ਹੈ , ਇਸ ਨਾਲ਼ ਸਾਡੇ ਸਰੀਰ ਦੇ ਵਿਅਰਥ ਪਦਾਰਥ ਪਸੀਨੇ ਰਾਹੀਂ ਬਾਹਰ ਨਿਕਲ ਜਾਂਦੇ ਹਨ।

ਪ੍ਰ.16 ਸਰਕਾਰੀ ਪੱਧਰ 'ਤੇ ਤੰਦਰੁਸਤ ਸਿਹਤ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਰਹੇ ਹਨ।

ਉ. (1) ਸੜਕਾਂ ਅਤੇ ਨਾਲ਼ੀਆਂ ਦੀ ਸਫ਼ਾਈ ਅਤੇ ਪਾਣੀ ਦੇ ਨਿਕਾਸ ਦਾ ਠੀਕ ਪ੍ਰਬੰਧ ਕੀਤਾ ਜਾਂਦਾ ਹੈ।

(2) ਸਕੂਲਾਂ ਵਿੱਚ ਬੱਚਿਆਂ ਦੀ ਜਾਂਚ ਲਈ ਡਾਕਟਰੀ ਟੀਮਾਂ ਭੇਜਣਾ।

(3) ਜਨਤਾ ਨੂੰ ਕੈਂਪ ਲਗਾ ਕੇ ਰੋਗਾਂ ਤੋਂ ਜਾਣੂ ਕਰਵਾਉਣਾ।

ਪ੍ਰ.17 ਆਲ਼ਾ-ਦੁਆਲ਼ਾ ਮਨੁੱਖ ਦੀ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

ਉ. ਆਲ਼ਾ-ਦੁਆਲ਼ਾ ਮਨੁੱਖ ਦੀ ਸਿਹਤ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਚੰਗਾ ਆਲ਼ਾ-ਦੁਆਲ਼ਾ ਚੰਗੀ ਸਿਹਤ ਵਿੱਚ ਢੁੱਕਵਾਂ ਯੋਗਦਾਨ ਪਾਉਂਦਾ ਹੈ, ਠੀਕ ਸਿਹਤ ਹੋਣ 'ਤੇ ਮਨੁੱਖ ਖ਼ੁਸ਼ ਰਹਿੰਦਾ ਹੈ ਅਤੇ ਹਰੇਕ ਕੰਮ ਨੂੰ ਦਿਲ ਲਾ ਕੇ ਕਰਦਾ ਹੈ।

ਪ੍ਰ.18 ਸਮੁਦਾਇਕ ਸਿਹਤ ਕੇਂਦਰ ਚੰਗੀ ਸਿਹਤ ਲਈ ਕਿਵੇਂ ਸਹਾਇਤਾ ਕਰਦੇ ਹਨ?

ਉ. ਸਮੁਦਾਇਕ ਸਿਹਤ ਕੇਂਦਰਾਂ ਰਾਹੀਂ ਲੋਕਾਂ ਨੂੰ ਬਿਮਾਰੀਆਂ ਦੀਆਂ ਨਿਸ਼ਾਨੀਆਂ ਅਤੇ ਉਹਨਾਂ ਤੋਂ ਬਚਾਉਣ ਦੇ ਢੰਗਾਂ ਬਾਰੇ ਪਤਾ ਲੱਗਦਾ ਹੈ। ਇਹਨਾਂ ਕੇਂਦਰਾਂ ਦੁਆਰਾ ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਵੇਲੇ ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਹ ਕੇਂਦਰ ਰੋਗਾਂ ਸਬੰਧੀ ਜਾਗਰਿਤੀ ਪੈਦਾ ਕਰਕੇ ਉਹ ਲੋਕਾਂ ਨੂੰ ਚੰਗੀ ਸਿਹਤ ਵਾਲੇ ਗਿਆਨ ਪ੍ਰਦਾਨ ਕਰਦੇ ਹਨ।

**Fill in the blanks with options:**

(1) ਸਿਹਤ ਵਿਗਿਆਨ ਦਾ ਸੰਬੰਧ ਮਨੁੱਖੀ ਸਰੀਰ ਨਾਲ਼ ਹੈ। (ਮਨੁੱਖੀ, ਤੰਦਰੁਸਤ)

(2) ਨਵਾਂ ਸਿਹਤ ਵਿਗਿਆਨ ਬਾਹਰ ਮੁਖੀ ਹੋਣਾ ਚਾਹੀਦਾ ਹੈ। (ਬਾਹਰ, ਅੰਦਰ)

(3) ਅਰੋਗ ਸਰੀਰ ਵਿੱਚ ਅਰੋਗ ਮਨ ਦਾ ਵਾਧਾ ਹੁੰਦਾ ਹੈ। (ਅਰੋਗ ਮਨ, ਅਰੋਗ ਦਿਮਾਗ)

(4) ਗਿੱਲੜ ਰੋਗ ਆਇਓਡੀਨ ਦੀ ਘਾਟ ਨਾਲ ਹੁੰਦਾ ਹੈ। (ਆਇਓਡੀਨ, ਖਣਿਜ)

(5) ਖੇਡਾਂ ਸਿਹਤ ਵਿਗਿਆਨ ਦਾ ਅਨਿਖੜਵਾਂ ਅੰਗ ਹਨ। (ਸਿਹਤ ਵਿਗਿਆਨ, ਸਿਹਤ ਸਿੱਖਿਆ)

(6) ਨਵੇਂ ਯੁੱਗ ਵਿੱਚ ਤੰਦਰੁਸਤ ਵਿਅਕਤੀਆਂ ਦੀ ਲੋੜ ਹੈ। (ਤੰਦਰੁਸਤ, ਬਿਮਾਰ)

(7) ਸਿਹਤ ਦੇ ਤਿੰਨ ਭਾਗ ਹਨ। (ਤਿੰਨ, ਦੋ)

(8) ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਤਿੰਨ ਪ੍ਰਕਾਰ ਦੇ ਹਨ। (ਦੋ, ਤਿੰਨ)

(9) ਅੰਤਰੀਵ ਕਾਰਕ ਠੀਕ ਕੰਮ ਨਾ ਕਰਦੇ ਹੋਣ ਤਾਂ ਖ਼ੁਰਾਕ ਠੀਕ ਹਜਮ ਨਹੀਂ ਹੁੰਦੀ। (ਖ਼ੁਰਾਕ, ਪ੍ਰੋਟੀਨ)

(10) ਸੁਚੱਜੀ ਤੇ ਢੁੱਕਵੀਂ ਅਗਵਾਈ ਦੇਣਾ ਹੀ ਸਿਹਤ ਵਿਗਿਆਨ ਦਾ ਮੁੱਖ ਮੰਤਵ ਹੈ। (ਸਿਹਤ ਵਿਗਿਆਨ, ਖੇਡਾਂ)

(11) ਚੰਗੇ ਨਾਗਰਿਕ ਲਈ ਸਭ ਤੋਂ ਪਹਿਲਾ ਉਸਦਾ ਸਿਹਤਮੰਦ ਹੋਣਾ ਜ਼ਰੂਰੀ ਹੈ। (ਸਿਹਤਮੰਦ, ਬਿਮਾਰ)

(12) ਐਨ.ਸੀ.ਸੀ. ਅਤੇ ਸਕਾਊਟਿੰਗ ਰਾਹੀਂ ਦੇਸ਼ ਪ੍ਰੇਮ ਦੀਆਂ ਭਾਵਨਾਵਾਂ ਜਾਗ੍ਰਿਤ ਹੁੰਦੀਆਂ ਹਨ। (ਦੇਸ਼ ਪ੍ਰੇਮ, ਮਿੱਤਰਤਾ)

(13) ਖੇਡਾਂ ਰਾਹੀਂ ਦੇਸ ਭਗਤੀ ਦੀ ਜਾਗ ਲੱਗਦੀ ਹੈ। (ਦੇਸ ਭਗਤੀ, ਵਿਰੋਧ)

(14) ਕੀਟਾਣੂਆਂ ਤੋਂ ਬਚਣ ਲਈ ਸਾਨੂੰ ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ। (ਆਲਾ-ਦੁਆਲਾ, ਘਰ)

(15) ਭੋਜਨ ਕਰਨ ਤੋਂ ਪਹਿਲਾ ਸਾਨੂੰ ਹੱਥ ਸਾਬਣ ਨਾਲ ਧੋਣੇ ਚਾਹੀਦੇ ਹਨ। (ਹੱਥ, ਪੈਰ)

(16) ਹੜ੍ਹ ਆਉਣਾ ਅਤੇ ਭੂਚਾਲ ਆਉਣਾ <u>ਸੰਕਟਕਾਲੀਨ</u> ਕਾਰਕ ਹਨ। (ਬਾਹਰਲੇ, ਸੰਕਟਕਾਲੀਨ)

(17) ਜਿਸ ਭੋਜਨ ਵਿੱਚ ਸਾਰੇ ਕੁਦਰਤੀ ਤੱਤ ਮੌਜੂਦ ਹੋਣ ਉਸਨੂੰ <u>ਸੰਤੁਲਿਤ</u> ਭੋਜਨ ਕਹਿੰਦੇ ਹਨ। (ਸੰਤੁਲਿਤ, ਤਾਜ਼ਾ)

**True/False or Yes/No**

(1) ਸਿਹਤ ਵਿਗਿਆਨ ਦਾ ਸੰਬੰਧ ਮਨੁੱਖੀ ਸਰੀਰ ਨਾਲ਼ ਹੈ। (✓)

(2) ਸੰਤੁਲਿਤ ਭੋਜਨ ਵਿੱਚ ਪ੍ਰੋਟੀਨ ਕਾਰਬੋਹਾਈਡ੍ਰੇਟਸ, ਪਾਣੀ, ਚਰਬੀ, ਖਣਿਜ ਹੁੰਦੇ ਹਨ। (✓)

(3) ਖਣਿਜਾਂ ਦੀ ਘਾਟ ਨਾਲ਼ ਗਿੱਲੜ ਰੋਗ ਹੁੰਦਾ ਹੈ। (✓)

(4) ਨਵੇਂ ਯੁੱਗ ਵਿੱਚ ਬੀਮਾਰ ਵਿਅਕਤੀਆਂ ਦੀ ਵੱਧ ਲੋੜ ਹੈ। (✗)

(5) ਅਰੋਗ ਸਰੀਰ ਵਿੱਚ ਅਰੋਗ ਮਨ ਦਾ ਵਾਸਾ ਹੁੰਦਾ ਹੈ। (✓)

(6) ਖੇਡਾਂ ਸਿਹਤ ਵਿਗਿਆਨ ਦਾ ਅਨਿੱਖੜਵਾਂ ਅੰਗ ਨਹੀਂ ਹਨ। (✗)

(7) ਸਿਹਤ ਸਿੱਖਿਆ ਦੁਆਰਾ ਸਰੀਰ ਨੂੰ ਤੰਦਰੁਸਤ ਰੱਖਣ ਦਾ ਗਿਆਨ ਪ੍ਰਾਪਤ ਹੁੰਦਾ ਹੈ। (✓)

(8) ਹਾਰਮੋਨਜ ਦਾ ਠੀਕ ਨਾ ਬਣਨਾ ਅੰਤਰੀਵ ਕਾਰਜ ਹੈ। (✓)

(9) ਸਿਹਤ ਵਿਗਿਆਨ ਸਹਿਨਸ਼ੀਲਤਾ ਦੀ ਭਾਵਨਾ ਨਹੀਂ ਸਿਖਾਉਂਦੀ। (✗)

(10) ਖੇਡਾਂ ਦੁਆਰਾ ਖਿਡਾਰੀ ਦਾ ਚਰਿੱਤਰ ਨਿਰਮਾਣ ਨਹੀਂ ਹੁੰਦਾ। (✗)

(11) ਖੇਡਾਂ ਦੇ ਮੈਦਾਨ ਵਿੱਚ ਮਿਠਾਸ, ਮਿਲਵਰਤਨ, ਨਿਮਰਤਾ ਦੀ ਭਾਵਨਾ ਪੈਦਾ ਹੁੰਦੀ ਹੈ। (✓)

(12) ਐਨ.ਸੀ.ਸੀ. ਦੇਸ ਪ੍ਰਤੀ ਪ੍ਰੇਮ ਦੀਆਂ ਭਾਵਨਾਵਾਂ ਜਾਗ੍ਰਿਤ ਨਹੀਂ ਕਰਦੀ। (✗)

(13) ਸਕਾਊਟਿੰਗ ਦੁਆਰਾ ਦੇਸ ਪ੍ਰਤੀ ਪ੍ਰੇਮ ਦੀ ਭਾਵਨਾ ਜਾਗ੍ਰਿਤ ਨਹੀਂ ਕਰਦੀ। (✓)

(14) ਹਵਾ ਅਤੇ ਪਾਣੀ ਦੂਸ਼ਿਤ ਹੋਣ ਨਾਲ਼ ਵਿਅਕਤੀ ਨੂੰ ਕੋਈ ਬਿਮਾਰੀ ਨਹੀਂ ਹੁੰਦੀ। (✗)

(15) ਹਵਾ ਅਤੇ ਪਾਣੀ ਦੂਸ਼ਿਤ ਹੋਣ ਨਾਲ਼ ਵਿਅਕਤੀ ਨੂੰ ਪੇਟ ਅਤੇ ਸਾਹ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। (✓)

(16) ਕੀਟਾਣੂ ਹਮੇਸਾ ਸਾਫ਼ ਸਥਾਨ 'ਤੇ ਪੈਦਾ ਹੁੰਦੇ ਹਨ। (✗)

(17) ਕੀਟਾਣੂਆਂ ਤੋਂ ਬਚਾਅ ਲਈ ਸਾਫ਼-ਸੁਥਰੇ ਕੱਪੜੇ ਪਾਉਣੇ ਚਾਹੀਦੇ ਹਨ ਅਤੇ ਰੋਜ਼ ਨਹਾਉਣਾ ਚਾਹੀਦਾ ਹੈ। (✓)

(18) ਘਰ ਦਾ ਆਲ਼ਾ-ਦੁਆਲ਼ਾ ਸਾਫ਼ ਨਹੀਂ ਕਰਨਾ ਚਾਹੀਦਾ। (✗)

(19) ਘਰ ਵਿੱਚ ਧੁੱਪ ਅਤੇ ਹਵਾ ਠੀਕ ਢੰਗ ਨਾਲ਼ ਆਉਣੀ ਚਾਹੀਦੀ ਹੈ। (✓)

(20) ਸੰਤੁਲਿਤ ਖ਼ੁਰਾਕ ਸਰੀਰ ਨੂੰ ਤੰਦਰੁਸਤ ਰੱਖਦੀ ਹੈ। (✓)

**Multiple choice Questions**

(1) ਸਿਹਤ ਵਿਗਿਆਨ ਦਾ ਸੰਬੰਧ ਕਿਸ ਚੀਜ ਨਾਲ਼ ਹੈ?
(1) ਮਨੁੱਖੀ ਸਰੀਰ ਨਾਲ਼ (2) ਦਿਮਾਗ ਨਾਲ਼ (3) ਵਿਚਾਰਾਂ ਨਾਲ਼ (4) ਕੋਈ ਨਹੀਂ

(2) ਨਵਾਂ ਸਿਹਤ ਵਿਗਿਆਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?
(1) ਅੰਤਰਮੁਖੀ (2) ਬਾਹਰਮੁਖੀ (3) ਸਰਵਪੱਖੀ (4) ਕੋਈ ਨਹੀਂ

(3) ਸਰਾਬ ਪੀਣ ਨਾਲ਼ ਸਰੀਰ ਦਾ ਕਿਹੜਾ ਅੰਗ ਖ਼ਰਾਬ ਹੁੰਦਾ ਹੈ?
(1) ਦਿਲ (2) ਮਿਹਦਾ (3) ਜਿਗਰ (4) ਅੰਤੜੀਆਂ

(4) ਅਰੋਗ ਮਨ ਕਿਸ ਸਰੀਰ ਵਿੱਚ ਵਾਸ ਕਰਦਾ ਹੈ?
(1) ਬਿਮਾਰ (2) ਤੰਦਰੁਸਤ (3) ਅਰੋਗ ਸਰੀਰ (4) ਕੋਈ ਨਹੀਂ।

(5) ਆਧੁਨਿਕ ਯੁਗ ਵਿੱਚ ਕਿਹੋ ਜਿਹੇ ਵਿਅਕਤੀਆਂ ਦੀ ਲੋੜ ਹੈ?

(1) ਬਿਮਾਰ (2) ਤੰਦਰੁਸਤ (3) ਮਜਬੂਤ ਅਤੇ ਚੁਸਤ (4) ਖਿਡਾਰੀ

(6) ਖੇਡਾਂ ਕਿਸ ਦਾ ਅਨਿੱਖੜਵਾਂ ਅੰਗ ਹੈ?

(1) ਜੀਵ ਵਿਗਿਆਨ (2) ਸਿਹਤ ਵਿਗਿਆਨ (3) ਮਨੋਵਿਗਿਆਨ (4) ਕੋਈ ਨਹੀਂ

(7) ਖਣਿਜਾਂ ਦੀ ਘਾਟ ਕਾਰਨ ਕਿਹੜਾ ਰੋਗ ਹੋ ਜਾਂਦਾ ਹੈ?

(1) ਅੰਧਰਾਤਾ (2) ਗਿੱਲੜ (3) ਕੁੱਬਾਪਣ (4) ਕੋਈ ਨਹੀਂ।

(8) ਸਿਹਤ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ?

(1) ਦੋ (2) ਤਿੰਨ (3) ਚਾਰ (4) ਇੱਕ

(9) ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿੰਨੇ ਪ੍ਰਕਾਰ ਦੇ ਹਨ?

(1) ਇੱਕ (2) ਦੋ (3) ਚਾਰ (4) ਤਿੰਨ

(10) ਸਰੀਰਿਕ ਪ੍ਰਨਾਲ਼ੀਆਂ ਦਾ ਠੀਕ ਤਰ੍ਹਾਂ ਕੰਮ ਨਾ ਕਰਨਾ ਕਿਹੜੇ ਕਾਰਕ ਕਰਕੇ ਹੁੰਦਾ ਹੈ?

(1) ਬਾਹਰੀ ਕਾਰਕ (2) ਅੰਤਰੀਵ ਕਾਰਕ (3) ਆਪਾਤਾਕਾਲੀਨ ਕਾਰਨ (4) ਕੋਈ ਨਹੀਂ

(11) ਖੇਡਾਂ ਦੁਆਰਾ ਬੱਚਾ ਸਿੱਖਦਾ ਹੈ।

(1) ਆਗਿਆ ਪਾਲਣ (2) ਝੂਠ ਬੋਲਣਾ (3) ਨਸ਼ੇ ਕਰਨਾ (4) ਦੋ ਅਤੇ ਤਿੰਨ ਦੋਨੋ

(12) ਮਾਨਸਿਕ ਵਿਕਾਸ ਤੋਂ ਕੀ ਭਾਵ ਹੈ?

(1) ਮਨ ਅਤੇ ਦਿਮਾਗ ਦਾ ਸਹੀ ਹੋਣਾ (2) ਪਾਗਲਪਣ (3) ਭਾਵਨਾਵਾਂ ਦਾ ਵਿਕਾਸ (4) ਖੇਡਾਂ

(13) ਐਨ.ਸੀ.ਸੀ. ਅਤੇ ਸਕਾਊਟਿੰਗ ਰਾਹੀਂ ਬੱਚੇ ਵਿੱਚ ਕੀ ਉਪਜਦਾ ਹੈ?

(1) ਦੇਸ ਪ੍ਰਤੀ ਪ੍ਰੇਮ (2) ਦੇਸ ਪ੍ਰਤੀ ਹੀਣਤਾ (3) ਦੁਸ਼ਮਣੀ (4) ਕੋਈ ਨਹੀਂ

(14) ਖੇਡਾਂ ਰਾਹੀਂ ਵਿਅਕਤੀ ਵਿੱਚ ਕਿਸ ਚੀਜ ਦੀ ਜਾਗ ਲੱਗਦੀ ਹੈ?

(1) ਦੇਸ ਭਗਤੀ ਦੀ (2) ਲੜਾਈ ਦੀ (3) ਅਨੁਸ਼ਾਸਨ ਦੀ (4) ਕੋਈ ਨਹੀਂ

(15) ਖੇਡਾਂ ਦੁਆਰਾ ਵਿਅਕਤੀ ਕਿਸਦਾ ਭੇਦਭਾਵ ਭੁੱਲ ਜਾਂਦਾ ਹੈ?

(1) ਧਰਮ (2) ਜਾਤ-ਪਾਤ (3) ਵਿਅਕਤੀ (4) ਰੀਤੀ ਰਿਵਾਜ

(16) ਹਵਾ ਅਤੇ ਪਾਣੀ ਦੂਸ਼ਿਤ ਹੋਣ ਨਾਲ਼ ਕਿਹੜੀਆਂ ਬਿਮਾਰੀਆਂ ਹੋ ਜਾਂਦੀਆਂ ਹਨ?

(1) ਚਮੜੀ ਦੀਆਂ (2) ਪੇਟ ਅਤੇ ਸਾਹ ਦੀਆਂ (3) ਮਾਨਸਿਕ ਰੋਗ (4) ਦਿਲ ਦੀਆਂ।

(17) ਕੀਟਾਣੂਆਂ ਤੋਂ ਬਚਾਅ ਲਈ ਕੀ ਕਰਨਾ ਚਾਹੀਦਾ ਹੈ?

(1) ਰੋਜ਼ ਨਹਾਉਣਾ (2) ਸਾਫ਼-ਸੁਥਰੇ ਕੱਪੜੇ ਪਾਉਣੇ (3) ਆਲ਼ਾ ਦੁਆਲ਼ਾ ਸਾਫ਼ ਰੱਖਣਾ (4) ਤਿੰਨੋਂ

(18) ਗੰਦਗੀ ਅਤੇ ਕੀਟਾਣੂ ਰੋਕਣ ਲਈ ਕੀ ਕਰਨਾ ਚਾਹੀਦਾ ਹੈ?

(1) ਸਾਫ਼-ਸਫ਼ਾਈ (2) ਪ੍ਰਦੂਸ਼ਣ ਫੈਲਾਉਣਾ (3) (4) ਕੋਈ ਨਹੀਂ।

(19) ਸਰਕਾਰੀ ਪੱਧਰ ਉੱਤੇ ਤੰਦਰੁਸਤ ਸਿਹਤ ਲਈ ਕਿਹੜੇ-ਕਿਹੜੇ ਕਦਮ ਚੁੱਕੇ ਜਾ ਰਹੇ ਹਨ?

(1) ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਸਾਫ਼ ਸਫ਼ਾਈ (2) ਬੱਚਿਆਂ ਦੀ ਡਾਕਟਰੀ ਜਾਂਚ (3) ਰੋਗਾਂ ਤੋਂ ਜਾਣੂ ਕਰਵਾਉਣਾ। (4) ਤਿੰਨੋਂ

(20) ਸਮੁਦਾਇਕ ਸਿਹਤ ਕੇਂਦਰਾਂ ਦੀ ਸਥਾਪਤੀ ਕਿਉਂ ਕੀਤੀ ਜਾਂਦੀ ਹੈ?

(1) ਮੁੱਢਲੀ ਸਹਾਇਤਾ (2) ਡਾਕਟਰੀ ਸਹਾਇਤਾ (3) ਰੋਗਾਂ ਸਬੰਧੀ ਜਾਣਕਾਰੀ (4) ਤਿੰਨੋਂ

ਉੱਤਰ ਮਾਲਾ

| | |
|---|---|
| 1. (1) | 11.(1) |
| 2.(2) | 12.(1) |
| 3.(3) | 13.(1) |
| 4.(3) | 14. (3) |
| 5.(3) | 15. |
| 6.(2) | 16. (2) |
| 7. | 17. (3) |
| 8.(2) | 18.(1) |
| 9. | 19. (3) |
| 10. (11) | 20. (3) |

## ਪਾਠ-2

## ਸਫਾਈ ਦਾ ਮਹੱਤਵ

## ਸ਼੍ਰੇਣੀ ਦਸਵੀਂ

### ਛੋਟੇ ਪ੍ਰਸ਼ਨ Very Short Questions

ਪ੍ਰਸ਼ਨ 1. ਘਰ ਬਣਾਉਣ ਵਾਲੀ ਜਗ੍ਹਾ ਕਿਹੋ ਜਿਹੀ ਹੋਣੀ ਚਾਹੀਦੀ ਹੈ ?

ਉੱਤਰ ਸਾਫ ਅਤੇ ਪੱਧਰੀ

ਪ੍ਰਸ਼ਨ 2. ਘਰ ਬਣਾਉਣ ਵਾਲੀ ਜਗ੍ਹਾ ਦੇ ਨੇੜੇ ਕੀ ਨਹੀਂ ਹੋਣਾ ਚਾਹੀਦਾ?

ਉੱਤਰ ਰੇਲਵੇ ਲਾਈਨ, ਫੈਕਟਰੀਆਂ, ਸ਼ਮਸ਼ਾਨ ਭੂਮੀ।

ਪ੍ਰਸ਼ਨ 3. ਘਰ ਦਾ ਆਲ਼ਾ-ਦੁਆਲ਼ਾ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਉੱਤਰ ਸਾਫ਼-ਸੁਥਰਾ

ਪ੍ਰਸ਼ਨ 4. ਸਫ਼ਾਈ ਕਿਸ ਚੀਜ਼ ਦੀ ਪ੍ਰਤੀਕ ਹੈ?

ਉੱਤਰ ਚੰਗੀ ਸਿਹਤ ਦੀ

ਪ੍ਰਸ਼ਨ 5. ਵਿਅਕਤੀ ਨੂੰ ਬਿਮਾਰ ਕਰਨ ਵਿੱਚ ਕਿਹੜਾ ਤੱਥ ਵੱਧ ਪ੍ਰਭਾਵ ਪਾਉਂਦਾ ਹੈ?

ਉੱਤਰ ਗੰਦਗੀ

ਪ੍ਰਸ਼ਨ 6. ਸਮਾਜ ਨੂੰ ਕਮਜ਼ੋਰ ਕਰਨ ਵਿੱਚ ਕਿਹੜਾ ਤੱਥ ਬਹੁਤ ਪ੍ਰਭਾਵ ਪਾਉਂਦਾ ਹੈ?

ਉੱਤਰ ਗੰਦਗੀ

ਪ੍ਰਸ਼ਨ 7. ਘਰ ਵਿੱਚ ਮਿਲਣ ਵਾਲੇ ਕੁਝ ਕੀੜੇ-ਮਕੌੜਿਆਂ ਦੇ ਨਾਂ ਲਿਖੋ।

ਉੱਤਰ ਮੱਛਰ, ਮੱਖੀ, ਕੋਹੜ ਕਿਰਲੀ, ਕਾਕਰੋਚ, ਚੂਹੇ ਆਦਿ।

ਪ੍ਰਸ਼ਨ 8. ਚੂਹੇ ਕਿਹੜੀ ਬਿਮਾਰੀ ਫੈਲਾਉਂਦੇ ਹਨ?

ਉੱਤਰ ਪਲੇਗ ਦੀ।

ਪ੍ਰਸ਼ਨ 9. ਪਲੇਗ ਦੀ ਬਿਮਾਰੀ ਕਿਸ ਦੁਆਰਾ ਫੈਲਦੀ ਹੈ?

ਉੱਤਰ ਚੂਹਿਆਂ ਦੁਆਰਾ

ਪ੍ਰਸ਼ਨ 10. ਸਰੀਰ ਦੇ ਅੰਦਰਲੇ ਅੰਗਾਂ ਦੀ ਸਫਾਈ ਕੌਣ ਕਰਦਾ ਹੈ?

ਉੱਤਰ ਪਾਣੀ

ਪ੍ਰਸ਼ਨ 11. ਪਾਣੀ ਦਾ ਸਰੀਰ ਨੂੰ ਕੀ ਲਾਭ ਹੈ?

ਉੱਤਰ ਪਾਣੀ ਸਰੀਰ ਦੇ ਅੰਦਰਲੇ ਅੰਗਾਂ ਦੀ ਸਫਾਈ ਕਰਦਾ ਹੈ।

ਪ੍ਰਸ਼ਨ 12. ਜੂੰਆਂ ਕਿੰਨੇ ਤਰ੍ਹਾਂ ਦੀਆਂ ਹੁੰਦੀਆਂ ਹਨ?

ਉੱਤਰ ਤਿੰਨ ਪ੍ਰਕਾਰ ਦੀਆਂ

ਪ੍ਰਸ਼ਨ 13. ਘਰ ਬਣਾਉਣ ਦੀ ਸਭ ਤੋਂ ਪਹਿਲੀ ਲੋੜ ਕੀ ਹੈ?

ਉੱਤਰ ਜ਼ਮੀਨ

ਪ੍ਰਸ਼ਨ 14. ਘਰ ਵਿੱਚ ਹਵਾ ਅਤੇ ਰੋਸ਼ਨੀ ਦੀ ਅਣਹੋਂਦ ਕਾਰਨ ਕੀ ਹੁੰਦਾ ਹੈ?

ਉੱਤਰ ਬਿਮਾਰੀਆਂ ਫੈਲਦੀਆਂ ਹਨ।

ਪ੍ਰਸ਼ਨ 15. ਘਰ ਵਿੱਚ ਕਿਸ ਚੀਜ਼ ਦੀ ਅਣਹੋਂਦ ਕਾਰਨ ਬੀਮਾਰੀ ਹੋ ਸਕਦੀ ਹੈ?

ਉੱਤਰ ਹਵਾ ਅਤੇ ਰੋਸ਼ਨੀ ਦੀ ਅਣਹੋਂਦ ਕਾਰਨ।

ਪ੍ਰਸ਼ਨ 16. ਘਰ ਜਾਂ ਜਮੀਨ ਖਰੀਦਣ ਲੱਗਿਆ ਕਿਸ ਪਹਿਲੂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

ਪ੍ਰਸ਼ਨ 17. [illegible]

ਪ੍ਰਸ਼ਨ 17. ਮਕਾਨ ਦੀ ਛੱਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?

ਉੱਤਰ ਉੱਚੀ ਅਤੇ ਢਾਲਵੀਂ

ਪ੍ਰਸ਼ਨ 18. ਘਰ ਦਾ ਕੂੜਾ ਕਰਕਟ ਕਿੱਥੇ ਸੁੱਟਣਾ ਚਾਹੀਦਾ ਹੈ?

ਉੱਤਰ ਢੱਕਣ ਵਾਲ਼ੇ ਢੋਲ਼ ਵਿੱਚ।

ਪ੍ਰਸ਼ਨ 19. ਘਰ ਵਿੱਚ ਗੰਦੇ ਪਾਣੀ ਦੇ ਨਿਕਾਸ ਲਈ ਕੀ ਕਰਨਾ ਚਾਹੀਦਾ ਹੈ?

ਉੱਤਰ ਪੱਕੀਆਂ ਨਾਲ਼ੀਆਂ ਬਣਾਉਣੀਆਂ ਚਾਹੀਦੀਆਂ ਹਨ।

ਪ੍ਰਸ਼ਨ 20. ਚੌਗਿਰਦੇ ਨੂੰ ਸਾਫ਼ ਰੱਖਣ ਦਾ ਮੁੱਖ ਲਾਭ ਕੀ ਹੈ?

ਉੱਤਰ ਸ਼ੁੱਧ ਹਵਾ ਦੀ ਪ੍ਰਾਪਤੀ 'ਤੇ ਬਦਬੂ ਤੋਂ ਛੁਟਕਾਰਾ।

ਪ੍ਰਸ਼ਨ 21. ਡੀ.ਡੀ.ਟੀ. ਅਤੇ ਫਿਨਾਇਲ ਦਾ ਛਿੜਕਾਓ ਕਿਉਂ ਕੀਤਾ ਜਾਂਦਾ ਹੈ?

ਉੱਤਰ ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ

ਪ੍ਰਸ਼ਨ 22. ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ ਕਿਸ ਚੀਜ ਦਾ ਛਿੜਕਾਓ ਕਰਦੇ ਹਨ।

ਉੱਤਰ ਡੀ.ਡੀ.ਟੀ. ਜਾਂ ਫਿਨਾਇਲ ਦਾ।

ਪ੍ਰਸ਼ਨ 23. ਘਰੇਲੂ ਕੂੜੇ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ?

ਉੱਤਰ (1) ਖਾਦ ਬਣਾ ਕੇ (2) ਸਾੜ ਕੇ

ਪ੍ਰਸ਼ਨ 24. ਗੁਸਲਖਾਨੇ ਦਾ ਫਰਸ਼ ਕਿਹੋ ਜਿਹਾ ਹੋਣਾ ਚਾਹੀਦਾ ਹੈ।

ਉੱਤਰ ਗੁਸਲਖਾਨੇ ਦਾ ਫਰਸ਼ ਪੱਕਾ, ਚਿਪਸ ਵਾਲਾ ਜਾਂ ਸੰਗਮਰਮਰ ਦਾ ਹੋਣਾ ਚਾਹੀਦਾ ਹੈ।

ਪ੍ਰਸ਼ਨ 25. ਗੰਦੇ ਪਾਣੀ 'ਤੇ ਕੀ ਪੈਦਾ ਹੁੰਦਾ ਹੈ?

ਉੱਤਰ ਮੱਛਰ, ਮੱਖੀਆਂ ਅਤੇ ਕੀੜੇ-ਮਕੌੜੇ।

ਪ੍ਰਸ਼ਨ 26. ਖਟਮਲ ਕਿਸ ਜਲਵਾਯੂ ਵਿੱਚ ਵੱਧਦਾ ਹੈ?

ਉੱਤਰ ਸਿੱਲੀ ਜਲਵਾਯੂ ਵਿੱਚ।

ਪ੍ਰਸ਼ਨ 27. ਮੱਖੀਆਂ ਦੁਆਰਾ ਗੰਦੇ ਕੀਤੇ ਭੋਜਨ ਨੂੰ ਖਾਣ ਨਾਲ਼ ਕੀ ਹੁੰਦਾ ਹੈ?

ਉੱਤਰ ਹੈਜ਼ਾ

ਪ੍ਰਸ਼ਨ 28. ਮੱਛਰ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

ਉੱਤਰ ਦੋ ਪ੍ਰਕਾਰ ਦੇ

ਪ੍ਰਸ਼ਨ 29. ਮੱਛਰਾਂ ਦੀਆਂ ਕਿਸਮਾਂ ਦੇ ਨਾਂ ਲਿਖੋ।

ਉੱਤਰ ਐਨਾਫਿਲੀਜ਼ ਅਤੇ ਕਿਊਲੈਕਸ।

ਪ੍ਰਸ਼ਨ 30. ਪਸ਼ੂ ਕਿੱਥੇ ਨਹੀਂ ਬੰਨਣੇ ਚਾਹੀਦੇ।

ਉੱਤਰ ਗਲੀਆਂ ਵਿੱਚ

ਪ੍ਰਸ਼ਨ 31. ਮਲੇਰੀਆ ਕਿਸ ਮੱਛਰ ਦੇ ਕੱਟਣ ਨਾਲ਼ ਫੈਲਦਾ ਹੈ?

ਉੱਤਰ ਐਨਾਫਲੀਜ ਮੱਛਰ ਦੇ ਕੱਟਣ ਨਾਲ਼।

ਪ੍ਰਸ਼ਨ 32. ਖਟਮਲ ਕਿਸ ਤਰ੍ਹਾਂ ਦਾ ਕੀੜਾ ਹੈ?

ਉੱਤਰ ਖਟਮਲ ਲਾਲ ਭੂਰੇ ਰੰਗ ਦਾ ਕੀੜਾ ਹੈ।

ਪ੍ਰਸ਼ਨ 33. ਕਿਹੜਾ ਮੱਛਰ ਕੱਟਣ 'ਤੇ ਖ਼ੂਨ ਅੰਦਰ ਜਰਮ ਛੱਡਦਾ ਹੈ।

ਉੱਤਰ ਐਨਾਫਲੀਜ਼

ਪ੍ਰਸ਼ਨ 34. ਮੁਹੱਲੇ ਦੀ ਸਫ਼ਾਈ ਕਿਸ ਤਰ੍ਹਾਂ ਸੰਭਵ ਹੋ ਸਕਦੀ ਹੈ?

ਉੱਤਰ ਆਪਸੀ ਪਿਆਰ ਅਤੇ ਮਿਲਵਰਤਨ ਨਾਲ਼।

ਪ੍ਰਸਨ 35. ਸਫ਼ਾਈ ਕਿਉਂ ਜ਼ਰੂਰੀ ਹੈ?

ਉੱਤਰ ਤੰਦਰੁਸਤ ਰਹਿਣ ਲਈ।

**Short Questions**

ਪ੍ਰਸਨ (1) ਘਰ ਲਈ ਜਗ੍ਹਾ ਦੀ ਚੋਣ ਵੇਲੇ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

ਉੱਤਰ (1) ਘਰ ਵਾਲੀ ਜਗ੍ਹਾ ਬਹੁਤੀ ਨੀਵੀਂ ਨਾ ਹੋਵੇ।

(2) ਜਗ੍ਹਾ ਨੇੜੇ ਕਾਰਖਾਨਾ, ਛੱਪੜ, ਗੰਦਾ ਕਾਲਾ ਨਾ ਹੋਵੇ।

(3) ਘਰ ਵਾਲੀ ਜਗ੍ਹਾ ਰੇਤਲੀ ਨਾ ਹੋਵੇ।

ਪ੍ਰਸਨ (2) ਸਫ਼ਾਈ ਤੋਂ ਬਿਨਾਂ ਜੀਵਨ ਅਰੋਗ ਕਿਉਂ ਨਹੀਂ ਰਹਿ ਸਕਦਾ?

ਉੱਤਰ ਸਫਾਈ ਪ੍ਰਮਾਤਮਾ ਤੋਂ ਦੂਜੇ ਦਰਜੇ 'ਤੇ ਹੈ। ਅਰੋਗ ਸਰੀਰ ਵਿੱਚ ਹੀ ਅਰੋਗ ਮਨ ਦਾ ਨਿਵਾਸ ਹੁੰਦਾ ਹੈ। ਸਫਾਈ ਚੰਗੀ ਸਿਹਤ ਦੀ ਪ੍ਰਤੀਕ ਹੈ। ਸਫ਼ਾਈ ਨਾ ਕਰਨ 'ਤੇ ਅਨੇਕ ਬਿਮਾਰੀਆਂ ਸਰੀਰ ਨੂੰ ਲੱਗ ਜਾਂਦੀਆਂ ਹਨ।

ਪ੍ਰਸਨ (3) ਘਰ ਦਾ ਆਲ਼ਾ-ਦੁਆਲ਼ਾ ਕਿਹੋ ਜਿਹਾ ਹੋਣਾ ਚਾਹੀਦਾ ਹੈ? ਦੱਸੋ।

ਉੱਤਰ ਮਨੁੱਖ ਲਈ ਘਰ ਇੱਕ ਮਹੱਤਵਪੂਰਨ ਸਥਾਨ ਹੈ। ਇਸ ਲਈ ਸਾਨੂੰ ਆਲ਼ਾ-ਦੁਆਲ਼ਾ ਸਾਫ਼ ਸੁਥਰਾ ਰੱਖਣਾ ਚਾਹੀਦਾ ਹੈ। ਜੇ ਆਲ਼ੇ-ਦੁਆਲ਼ੇ ਗੰਦਗੀ ਹੋਵੇਗੀ ਤਾਂ ਮੱਖੀਆਂ, ਮੱਛਰ ਅਤੇ ਕੀੜੇ ਮਕੌੜੇ ਪੈਦਾ ਹੋਣਗੇ। ਜਿਹੜੇ ਕਈ ਤਰ੍ਹਾਂ ਦੇ ਰੋਗ ਫੈਲਾਉਣਗੇ। ਇਸ ਲਈ ਘਰ ਦੇ ਆਲ਼ੇ-ਦੁਆਲ਼ੇ ਦੀ ਸਫ਼ਾਈ ਜ਼ਰੂਰੀ ਹੈ।

ਪ੍ਰਸਨ (4) ਗੁਸਲਖਾਨਾ ਬਣਾਉਣ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

ਉੱਤਰ ਗੁਸਲਖਾਨਾ ਹਵਾਦਾਰ ਅਤੇ ਰੌਸ਼ਨੀਦਾਰ ਹੋਣਾ ਚਾਹੀਦਾ ਹੈ। ਸ਼ੀਸ਼ਾ ਅਜਿਹਾ ਲੱਗਾ ਹੋਵੇ ਜਿਸ ਰਾਹੀਂ ਰੋਸ਼ਨੀ ਅੰਦਰ ਆਉਂਦੀ ਹੋਵੇ। ਫਰਸ਼ ਪੱਕਾ ਅਤੇ ਪਾਣੀ ਦੇ ਨਿਕਾਸ ਦਾ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ।

ਪ੍ਰਸਨ (5) ਖਟਮਲ ਕਿਸਨੂੰ ਕਹਿੰਦੇ ਹਨ?

ਉੱਤਰ ਇਹ ਲਾਲ ਭੂਰੇ ਰੰਗ ਦਾ ਕੀੜਾ ਹੁੰਦਾ ਹੈ। ਇਹ ਜਿਆਦਾ ਸਿੱਲੀ ਜਲਵਾਯੂ ਵਿੱਚ ਵੱਧਦਾ ਹੈ। ਇਸ ਗੰਦੇ ਫਰਸ਼ 'ਤੇ ਜਿਸ ਵਿੱਚ ਤਰੇੜਾਂ ਹੋਣ ਜਾਂ ਮੰਜਿਆਂ ਦੇ ਸਿਰਿਆਂ ਵਿੱਚ ਹੁੰਦਾ ਹੈ।

ਪ੍ਰਸਨ (6) ਮੱਖੀਆਂ ਹੈਜ਼ਾ ਕਿਵੇਂ ਫੈਲਾਉਂਦੀਆਂ ਹਨ?

ਉੱਤਰ ਜਦੋਂ ਮੱਖੀ ਗੰਦੀ ਜਗ੍ਹਾ 'ਤੇ ਬੈਠਦੀ ਹੈ ਤਾਂ ਇਸ ਦੀਆਂ ਲੱਤਾਂ ਨੂੰ ਲਾਲ ਗੰਦੇ ਕੀਟਾਣੂ ਚਿੰਬੜ ਜਾਂਦੇ ਹਨ। ਜਿਸ ਵੇਲੇ ਇਹ ਮੱਖੀ ਸਾਡੇ ਭੋਜਨ ਤੇ ਬੈਠਦੀ ਹੈ ਤਾਂ ਕੀਟਾਣੂ ਭੋਜਨ ਉੱਤੇ ਲੱਗ ਜਾਂਦੇ ਹਨ। ਇਸ ਭੋਜਨ ਨੂੰ ਖਾਣ ਨਾਲ ਹੈਜ਼ਾ ਹੋ ਜਾਂਦਾ ਹੈ।

ਪ੍ਰਸਨ (7) ਚੂਹੇ ਕਿਹੜੀ ਬੀਮਾਰੀ ਫੈਲਾਉਂਦੇ ਹਨ?

ਉੱਤਰ ਚੂਹੇ ਪਲੇਗ ਦੀ ਬਿਮਾਰੀ ਫੈਲਾਉਂਦੇ ਹਨ। ਚੂਹਿਆਂ ਉੱਤੇ ਪਿੱਸੂ ਹੁੰਦੇ ਹਨ। ਜਦੋਂ ਇਹ ਚੂਹੇ ਮਰ ਜਾਂਦੇ ਹਨ ਤਾਂ ਪਿੱਸੂ ਘਰ ਵਿੱਚ ਰਹਿ ਜਾਂਦੇ ਹਨ। ਇਹ ਪਿੱਸੂ ਬਿਸਤਰਿਆਂ ਅਤੇ ਘਰ ਦੀਆਂ ਹੋਰ ਜਗ੍ਹਾ 'ਤੇ ਫੈਲ ਕੇ ਬਿਮਾਰੀ ਦਾ ਪ੍ਰਕੋਪ ਵਧਾਉਂਦੇ ਹਨ। ਸਿੱਟੇ ਵਜੋਂ ਪਲੇਗ ਦੀ ਬਿਮਾਰੀ ਮਹਾਂਮਾਰੀ ਦੇ ਰੂਪ ਵਿੱਚ ਫੈਲ ਜਾਂਦੀ ਹੈ।

ਪ੍ਰਸਨ (8) ਖਟਮਲਾਂ ਨੂੰ ਰੋਕਣ ਦੇ ਉਪਾਅ ਦੱਸੋ?

ਉੱਤਰ (1) ਸਿੱਲੇ ਅਤੇ ਗਿੱਲੇ ਕੱਪੜਿਆਂ ਨੂੰ ਹਫਤੇ 'ਚ ਇੱਕ ਵਾਰ ਧੁੱਪੇ ਰੱਖੋ ਕਿਉਂਕਿ ਖਟਮਲ ਧੁੱਪ ਵਿੱਚ ਮਰ ਜਾਂਦੇ ਹਨ।

(2) ਚੁਗਾਠਾਂ ਅਤੇ ਖਿੜਕੀਆਂ ਨੂੰ ਮਿੱਟੀ ਦੇ ਤੇਲ ਨਾਲ਼ ਸਾਫ਼ ਰੱਖੋ।

(3) ਮਿੱਟੀ ਅਤੇ ਤਾਰਪੀਨ ਦਾ ਤੇਲ ਮਿਲਾ ਕੇ ਛਿੜਕਾ ਕਰੋ।

ਪ੍ਰਸ਼ਨ (9) ਮੱਛਰ ਕਿੰਨੀ ਪ੍ਰਕਾਰ ਦੇ ਹੁੰਦੇ ਹਨ? ਉਹਨਾਂ ਦੇ ਨਾਂ ਦੱਸੋ।

ਉੱਤਰ ਮੱਛਰ ਉਂਝ ਤਾਂ ਕਈ ਪ੍ਰਕਾਰ ਦੇ ਹੁੰਦੇ ਹਨ, ਪਰ ਦੋ ਕਿਸਮਾਂ ਦੇ ਮੱਛਰਾਂ ਦੇ ਕੱਟਣ ਨਾਲ਼ ਜਿਆਦਾ ਬਿਮਾਰੀਆਂ ਫੈਲਦੀਆਂ ਹਨ। ਇਹਨਾਂ ਮੱਛਰਾਂ ਦਾ ਨਾਂ ਐਨਾਫਿਲੀਜ਼ ਅਤੇ ਕਿਊਲੈਕਸ ਹੈ।

ਪ੍ਰਸ਼ਨ (10) ਪਾਣੀ ਮਨੁੱਖ ਲਈ ਕਿਵੇਂ ਜਰੂਰੀ ਹੈ?

ਉੱਤਰ ਪਾਣੀ ਮਨੁੱਖ, ਪਸ਼ੂ ਅਤੇ ਬੂਟਿਆਂ ਦਾ ਜੀਵਨ ਦਾਤਾ ਹੈ। ਪਾਣੀ ਹੀ ਮਨੁੱਖ ਦਾ ਜੀਵਨ ਅਧਾਰ ਹੈ। ਮਨੁੱਖ ਦੇ ਸਰੀਰ ਦਾ ਬਹੁਤਾ ਭਾਗ ਪਾਣੀ ਤੋਂ ਹੀ ਬਣਦਾ ਹੈ। ਪਾਣੀ ਸਰੀਰ ਦੇ ਤਾਪਮਾਨ ਨੂੰ ਇਕਸਾਰ ਰੱਖਦਾ ਹੈ।

ਪ੍ਰਸ਼ਨ (11) ਘਰ ਦੇ ਆਲ਼ੇ-ਦੁਆਲ਼ੇ ਦੀ ਸਫ਼ਾਈ ਰੱਖਣ ਲਈ ਕਿਨਾਂ-ਕਿਨਾਂ ਗੱਲਾਂ ਦਾ ਧਿਆਨ ਰੱਖਣਾ ਜਰੂਰੀ ਹੈ?

ਉੱਤਰ (1) ਗਲ਼ੀਆਂ ਵਿੱਚ ਪਸ਼ੂ ਨਹੀਂ ਬੰਨਣੇ ਚਾਹੀਦੇ।

(2) ਘਰ ਤੋਂ ਬਾਹਰ ਗਲੀਆਂ ਵਿੱਚ ਗੰਦ ਅਤੇ ਕੂੜੇ ਕਰਕਟ ਦੇ ਢੇਰ ਨਹੀਂ ਲਗਾਉਣੇ ਚਾਹੀਦੇ।

(3) ਬੱਚਿਆਂ ਨੂੰ ਬਾਹਰ ਸ਼ੌਚ ਜਾਂ ਪੇਸ਼ਾਬ ਨਹੀਂ ਕਰਵਾਉਣੇ ਚਾਹੀਦਾ।

ਪ੍ਰਸ਼ਨ (12) ਜੂੰਆਂ ਮਨੁੱਖ ਲਈ ਕਿਵੇਂ ਹਾਨੀਕਾਰਕ ਹਨ?

ਉੱਤਰ ਜੂੰਆਂ ਸਿਰ ਦੇ ਵਾਲਾਂ ਵਿੱਚ ਬਹੁਤ ਗੰਦਗੀ, ਪਸੀਨਾ ਅਤੇ ਹੁੰਮਸ ਹੋਣ ਕਾਰਨ ਹੁੰਦੀਆਂ ਹਨ। ਇਹ ਗੰਦੇ ਕੱਪੜੇ ਅਤੇ ਗੰਦੇ ਰਹਿਣ ਕਰਕੇ ਵਧਦੀਆਂ ਹਨ। ਇਹ ਜੂੰਆਂ ਚਮੜੀ ਦੇ ਰੋਗ ਅਤੇ ਬੁਖਾਰ ਫੈਲਾਉਂਦੀਆਂ ਹਨ।

ਪ੍ਰਸ਼ਨ (13) ਘਰੇਲੂ ਕੂੜੇ ਕਰਕਟ ਨੂੰ ਖਤਮ ਕਰਨ ਲਈ ਕੀ ਢੰਗ ਅਪਣਾਉਣੇ ਚਾਹੀਦੇ ਹਨ?

ਉੱਤਰ (1) ਕੂੜੇ ਕਰਕਟ ਅਤੇ ਗੋਹੇ ਦੀ ਖਾਦ ਬਣਾਕੇ।

(2) ਇਕ ਖਾਸ ਕਿਸਮ ਦੀ ਭੱਠੀ ਵਿੱਚ ਕੂੜੇ ਕਰਕਟ ਨੂੰ ਸਾੜ ਕੇ।

(3) ਵੱਡੇ ਟੋਇਆਂ ਵਿੱਚ ਦੱਬ ਦੇਣ ਨਾਲ਼।

(4) ਕੂੜੇ ਦੀ ਕਿਸਮ ਅਨੁਸਾਰ ਵੱਖ-ਵੱਖ ਕਰਕੇ ਉਸਨੂੰ ਵਰਤਿਆ ਜਾ ਸਕਦਾ ਹੈ।

ਪ੍ਰਸ਼ਨ (14) ਮੱਖੀ ਸਾਨੂੰ ਕਿਵੇਂ ਨੁਕਸਾਨ ਪਹੁੰਚਾਉਂਦੀ ਹੈ?

ਉੱਤਰ ਮੱਖੀ ਮਨੁੱਖ ਲਈ ਸਭ ਤੋਂ ਵੱਧ ਖਤਰਨਾਕ ਹੈ। ਇਹ ਬੀਮਾਰੀ ਫੈਲਾਉਣ ਵਿੱਚ ਮੁੱਖ ਹਿੱਸਾ ਪਾਉਂਦੀ ਹੈ। ਇਹ ਗੰਦਗੀ ਵਾਲੀਆਂ ਥਾਵਾਂ 'ਤੇ ਆਂਡੇ ਦਿੰਦੀ ਹੈ। ਜਿਨ੍ਹਾਂ ਵਿੱਚ ਘੰਟਿਆਂ ਵਿੱਚ ਲਾਰਵਾ ਨਿਕਲ ਆਉਂਦਾ ਹੈ। ਪੰਜ ਦਿਨਾਂ ਵਿੱਚ ਇਹ ਮੱਖੀ ਬਣਕੇ ਆਪਣੀਆਂ ਬਾਰੀਕ ਲੱਤਾ ਦੁਆਰਾ ਕੀਟਾਣੂ ਫੈਲਾ ਕੇ ਬਿਮਾਰੀਆਂ ਨੂੰ ਉਤਪੰਨ ਕਰਦੀ ਹੈ।

ਪ੍ਰਸ਼ਨ (15) ਹਫਤਾਵਾਰੀ ਸਫਾਈ ਤੋਂ ਕੀ ਭਾਵ ਹੈ?

ਉੱਤਰ ਅਜੋਕਾ ਯੁੱਗ ਵਿਗਿਆਨਕ ਯੁੱਗ ਹੈ। ਇਸ ਲਈ ਮਨੁੱਖ ਲੋਕ ਸਮੇਂ ਦੀ ਬਹੁਤ ਘਾਟ ਹੈ। ਸਮੇਂ ਘਾਟ ਕਾਰਨ ਹਰ ਰੋਜ਼ ਘਰ ਦੀ ਸਫਾਈ ਕਰਨੀ ਬਹੁਤ ਮੁਸ਼ਕਲ ਹੈ। ਘਰ ਵਿੱਚ ਅਜਿਹਾ ਬਹੁਤ ਸਾਰਾ ਸਮਾਨ ਹੁੰਦਾ ਹੈ। ਜਿਸਨੂੰ ਰੋਜ਼ਾਨਾ ਸਫ਼ਾਈ ਦੀ ਜਰੂਰਤ ਨਹੀਂ ਹੁੰਦੀ। ਇਸ ਅਜਿਹੀਆਂ ਵਸਤੂਆਂ ਦੀ ਸਫ਼ਾਈ ਹਫਤਾਵਾਰੀ ਸਫ਼ਾਈ ਵਿੱਚ ਸ਼ਾਮਲ ਹੁੰਦੀ ਹੈ।

**Fill in the Blanks**

(1) ਸਫਾਈ ਚੰਗੀ ਸਿਹਤ ਦਾ ਪ੍ਰਤੀਕਾ ਹੈ। (ਚੰਗੀ ਸਿਹਤ, ਬਿਮਾਰੀ)

(2) ਗੰਦਗੀ ਸਮਾਜ ਨੂੰ ਕਮਜੋਰ ਕਰਨ ਵਿੱਚ ਬਹੁਤ ਪ੍ਰਭਾਵ ਪਾਉਂਦੀ ਹੈ। (ਗੰਦਗੀ, ਸਫਾਈ)

(3) ਮੱਛਰ, ਮੱਖੀ, ਕੋਹੜ ਕਿਰਲੀ, ਕਾਕਰੋਚ ਆਦਿ ਘਰਾਂ ਵਿੱਚ ਮਿਲਣ ਵਾਲੇ ਕੀੜੇ-ਮਕੌੜ ਹਨ। (ਕੀੜੇ-ਮਕੌੜੇ, ਜਾਨਵਰ)

(4) ਚੂਹੇ ਪਲੇਗ ਬਿਮਾਰੀ ਫੈਲਾਉਂਦੇ ਹਨ। (ਪਲੇਗ, ਟੀ.ਬੀ.)

(5) ਪਾਣੀ ਸਰੀਰ ਦੇ ਅੰਦਰਲੇ ਅੰਗਾਂ ਦੀ ਸਫਾਈ ਕਰਦਾ ਹੈ। (ਪਾਣੀ, ਲਹੂ)

(6) ਜੂੰਆਂ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ। (ਤਿੰਨ, ਦੋ)

(7) ਘਰ ਬਣਾਉਣ ਵਾਲੀ ਜਗ੍ਹਾ ਸਮਤਲ ਹੋਣੀ ਚਾਹੀਦੀ ਹੈ। (ਸਮਤਲ, ਉੱਚੀ ਨੀਵੀਂ)

(8) ਜ਼ਮੀਨ ਘਰ ਬਣਾਉਣ ਦੀ ਪਹਿਲੀ ਲੋੜ ਹੈ। (ਇੱਟਾ, ਜ਼ਮੀਨ)

(9) ਘਰ ਵਿੱਚ ਹਵਾ ਅਤੇ ਰੋਸ਼ਨੀ ਦੀ ਅਣਹੋਂਦ ਕਾਰਨ ਬੀਮਾਰੀ ਹੋ ਸਕਦੀ ਹੈ। (ਹਵਾ ਅਤੇ ਰੋਸ਼ਨੀ, ਪਾਣੀ)

(10) ਘਰ ਦੀ ਜ਼ਮੀਨ ਖਰੀਦਣ ਲੱਗਿਆਂ ਆਰਥਿਕ ਪਹਿਲੂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। (ਆਰਥਿਕ, ਸਮਾਜਿਕ)

(11) ਘਰ ਦਾ ਕੂੜਾ ਕਰਕਟ ਢੱਕਣ ਵਾਲੇ ਢੋਲ ਵਿੱਚ ਸੁੱਟਣਾ ਚਾਹੀਦਾ ਹੈ। (ਢੱਕਣ ਵਾਲੇ ਢੋਲ, ਗਲੀ ਵਿੱਚ)

(12) ਘਰ ਵਿੱਚੋਂ ਗੰਦੇ ਪਾਣੀ ਦੇ ਨਿਕਾਸ ਲਈ ਨਾਲੀਆਂ ਬਣਾਉਣੀਆਂ ਚਾਹੀਦੀਆਂ ਹਨ। (ਨਾਲੀਆਂ, ਚੁੰਗੀਆਂ)

(13) ਚੌਗਿਰਦੇ ਨੂੰ ਸਾਫ਼ ਰੱਖਣ ਨਾਲ਼ ਬਦਬੂ ਤੋਂ ਛੁਟਕਾਰਾ ਮਿਲਦਾ ਹੈ। (ਬਦਬੂ, ਖ਼ੁਸ਼ਬੂ)

(14) ਸ਼ੁੱਧ ਹਵਾ ਦੀ ਪ੍ਰਾਪਤੀ ਸਾਫ ਚੌਗਿਰਦੇ ਵਿੱਚ ਪ੍ਰਾਪਤ ਹੁੰਦੀ ਹੈ। (ਸਾਫ, ਗੰਦੇ)

(15) ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ ਡੀ.ਡੀ.ਟੀ ਦਾ ਛਿੜਕਾਓ ਕਰਨਾ ਚਾਹੀਦਾ ਹੈ। (ਡੀ.ਡੀ.ਟੀ ਜਾਂ ਫਿਨਾਇਲ ਸਪਰੇ)

(16) ਘਰੇਲੂ ਕੂੜੇ ਨੂੰ ਖਾਦ ਬਣਾ ਕੇ ਖਤਮ ਕੀਤਾ ਜਾ ਸਕਦਾ ਹੈ। (ਖਾਦ, ਸਾੜਕੇ)

(17) ਸਫਾਈ ਪ੍ਰਮਾਤਮਾ ਤੋਂ ਦੂਜੇ ਦਰਜੇ ਤੇ ਹੈ। (ਦੂਜੇ, ਤੀਜੇ)

(18) ਖਟਮਲ ਸਿੱਲੀ ਜਲਵਾਯੂ ਵਿੱਚ ਵੱਧਦਾ ਹੈ। (ਸਿੱਲੀ, ਸੁੱਕੀ)

(19) ਮੱਖੀਆਂ ਦੁਆਰਾ ਹੈਜਾ ਬਿਮਾਰੀ ਫੈਲਾਈ ਜਾਂਦੀ ਹੈ। (ਹੈਜਾ, ਚੇਚਕ)

(20) ਮਲੇਰੀਆ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਫੈਲਦਾ ਹੈ। (ਐਨਾਫਲੀਜ਼, ਕਿਊਲੈਕਸ)

**True/False or Yes/No**

(1) ਸਫ਼ਾਈ ਚੰਗੀ ਸਿਹਤ ਦਾ ਪ੍ਰਤੀਕ ਹੈ। (✓)

(2) ਗੰਦਗੀ ਸਮਾਜ ਨੂੰ ਕਮਜ਼ੋਰ ਕਰਨ ਵਿੱਚ ਬਹੁਤ ਪ੍ਰਭਾਵ ਪਾਉਂਦੀ ਹੈ। (✓)

(3) ਪਲੇਗਾਂ ਦੀ ਬਿਮਾਰੀ ਮੱਛੀਆਂ ਦੁਆਰਾ ਫੈਲਦੀ ਹੈ। (✗)

(4) ਮੱਛਰ, ਮੱਖੀ, ਕਾਕਰੋਚ ਆਦਿ ਮਨੁੱਖ ਦੇ ਸਾਥੀ ਕੀੜੇ ਹਨ। (✗)

(5) ਘਰ ਫੈਕਟਰੀਆਂ, ਰੇਲਵੇ ਲਾਈਨ, ਆਦਿ ਦੇ ਨੇੜੇ ਹੋਣਾ ਚਾਹੀਦਾ ਹੈ। (✗)

(6) ਘਰ ਬਣਾਉਣ ਵਾਲੀ ਜਗ੍ਹਾ ਸਮਤਲ ਅਤੇ ਸਾਫ਼ ਹੋਣੀ ਚਾਹੀਦੀ ਹੈ। (✓)

(7) ਇੱਟਾ ਘਰ ਬਣਾਉਣ ਦੀ ਪਹਿਲੀ ਲੋੜ ਹਨ। (✗)

(8) ਘਰ ਦਾ ਕੂੜਾ ਗਲੀ ਵਿੱਚ ਸੁੱਟਣਾ ਚਾਹੀਦਾ ਹੈ। (✗)

(9) ਘਰ ਦਾ ਕੂੜਾ ਢੱਕਣ ਵਾਲ਼ੇ ਢੋਲ ਵਿੱਚ ਸੁੱਟਣਾ ਚਾਹੀਦਾ ਹੈ। (✓)

(10) ਚੌਗਿਰਦੇ ਨੂੰ ਸਾਫ਼ ਰੱਖਣ ਨਾਲ਼ ਸ਼ੁੱਧ ਹਵਾ ਦੀ ਪ੍ਰਾਪਤੀ ਹੁੰਦੀ ਹੈ। (✓)

(11) ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ ਡੀ.ਡੀ.ਟੀ. ਜਾਂ ਫਿਨਾਇਲ ਦਾ ਛਿੜਕਾਅ ਕਰਨਾ ਚਾਹੀਦਾ ਹੈ। (✓)

(12) ਘਰੇਲੂ ਕੂੜੇ ਨੂੰ ਖਾਦ ਬਣਾ ਕੇ ਅਤੇ ਸਾੜਕੇ ਖਤਮ ਕੀਤਾ ਜਾ ਸਕਦਾ ਹੈ। (✓)

(13) ਮਕਾਨ ਦੀ ਛੱਤ ਉੱਚੀ ਨੀਵੀਂ ਹੋਣੀ ਚਾਹੀਦੀ ਹੈ। (✗)

(14) ਸਾਫ਼ ਜਗ੍ਹਾ 'ਤੇ ਮੱਖੀ ਮੱਛਰ ਪੈਦਾ ਹੁੰਦੇ ਹਨ। (✗)

(15) ਖਟਮਲ ਸੁੱਕੀ ਜਲਵਾਯੂ ਵਿੱਚ ਵੱਧਦਾ ਹੈ। (✗)

(16) ਖਟਮਲ ਗੰਧਕ ਦੀ ਧੂਣੀ ਨਾਲ਼ ਭੱਜ ਜਾਂਦੇ ਹਨ। (✓)

(17) ਮਲੇਰੀਆ ਐਨਾਫਿਲੀਜ਼ ਮੱਛਰ ਦੇ ਕੱਟਣ ਨਾਲ਼ ਹੁੰਦਾ ਹੈ। (✓)

(18) ਹਵਾ ਅਤੇ ਰੋਸ਼ਨੀ ਮਕਾਨ ਦੀ ਪਹਿਲੀ ਲੋੜ ਨਹੀਂ ਹੈ। (✗)

(19) ਪਸ਼ੂਆਂ ਨੂੰ ਗਲੀਆਂ ਵਿੱਚ ਬੰਨ੍ਹਣਾ ਚਾਹੀਦਾ ਹੈ। (✗)

(20) ਗੰਦਗੀ ਦੇ ਕਾਰਨ ਬਦਬੂ ਫੈਲਦੀ ਹੈ। (✓)

**Match the following type**

| | |
|---|---|
| 1. ਸਫਾਈ | 1. ਮੱਛਰ ਦੇ ਕੱਟਣ ਕਾਰਨ |
| 2. ਗੰਦਗੀ | 2. ਕੂੜਾ ਖਤਮ ਕਰਨ ਦੀ ਵਿਧੀ |
| 3. ਮੱਛਰ, ਮੱਖੀ | 3. ਚੰਗੀ ਸਿਹਤ |
| 4. ਚੂਹੇ | 4. ਬਿਮਾਰੀ |
| 5. ਮਲੇਰੀਆ | 5. ਕੀੜੇ-ਮਕੌੜੇ |
| 6. ਖਾਦ ਬਣਾ ਕੇ | 6. ਪਲੇਗ |

| | |
|---|---|
| 1. ਖਟਮਲ | 1. |
| 2. ਹੈਜਾ | 2. ਭੂਰੇ ਰੰਗ ਦਾ ਕੀੜਾ |
| 3. ਪਾਣੀ | 3. ਮੱਖੀਆਂ ਕਾਰਨ |
| 4. ਐਨਾਫਲੀਜ, ਕਿਊਲੈਕਸ | 4. ਜੀਵਨ ਦਾਤਾ |
| 5. | 5. ਮੱਛਰਾਂ ਦੀ ਕਿਸਮ |

**Multiple Choice Questions**

(1) ਘਰ ਬਣਾਉਣ ਵਾਲੀ ਜਗ੍ਹਾ ਕਿਹੋ ਜਿਹੀ ਹੋਣੀ ਚਾਹੀਦੀ ਹੈ?

(1) ਸਮਤਲ (2) ਉੱਚੀ ਨੀਵੀ (3) ਉਬੜ ਖਾਬੜ (4) ਗਿੱਲੀ

(2) ਘਰ ਬਣਾਉਣ ਵਾਲੀ ਜਗ੍ਹਾ ਦੇ ਨੇੜੇ ਕੀ ਨਹੀਂ ਹੋਣਾ ਚਾਹੀਦਾ?

(1) ਕਾਰਖਾਨਾ (2) ਰੇਲਵੇ ਸਟੇਸ਼ਨ (3) ਫੈਕਟਰੀ (4) ਤਿੰਨੋ।

(3) ਘਰ ਦਾ ਆਲ਼ਾ-ਦੁਆਲ਼ਾ ਕਿਹੋ ਜਿਹਾ ਹੋਣਾ ਚਾਹੀਦਾ ਹੈ?

(1) ਸਾਫ਼ ਸੁਥਰਾ (2) ਗੰਦਾ (3) ਬਦਬੂ ਵਾਲਾ (4) ਕੂੜਾ ਕਰਕਟ

(4) ਸਫਾਈ ਕਿਸ ਚੀਜ਼ ਦੀ ਪ੍ਰਤੀਕ ਹੈ।

(1) ਬਿਮਾਰੀ ਦੀ (2) ਚੰਗੀ ਸਿਹਤ ਦੀ (3) ਤੰਦਰੁਸਤੀ ਦੀ (4) ਕੋਈ ਨਹੀਂ

(5) ਵਿਅਕਤੀ ਨੂੰ ਬਿਮਾਰ ਕਰਨ ਵਿੱਚ ਕਿਹੜਾ ਤੱਥ ਵੱਧ ਪ੍ਰਭਾਵ ਪਾਉਂਦਾ ਹੈ?

(1) ਸਫ਼ਾਈ (2) ਗੰਦਗੀ (3) ਬਿਮਾਰੀ (4) ਕੂੜਾ-ਕਰਕਟ

(6) ਸਮਾਜ ਨੂੰ ਕਮਜ਼ੋਰ ਕਰਨ ਵਿੱਚ ਕਿਹੜਾ ਤੱਥ ਬਹੁਤ ਪ੍ਰਭਾਵ ਪਾਉਂਦਾ ਹੈ?

(1) ਬਿਮਾਰੀ (2) ਸਫ਼ਾਈ (3) ਗੰਦਗੀ (4) ਕੋਈ ਨਹੀਂ।

(7) ਚੂਹੇ ਕਿਹੜੀ ਬਿਮਾਰੀ ਫੈਲਾਉਂਦੇ ਹਨ।

(1) ਟੀ.ਬੀ. (2) ਪਲੇਗ (3) ਮਲੇਰੀਆ (4) ਟਾਈਫਾਈਡ

(8) ਘਰ ਵਿੱਚ ਮਿਲਣ ਵਾਲੇ ਕੁਝ ਕੀੜੇ ਮਕੌੜੇ ਹਨ।

(1) ਮੱਖੀ (2) ਮੱਛਰ (3) ਚੂਹੇ

(9) ਪਲੇਗ ਦੀ ਬਿਮਾਰੀ ਕਿਸ ਜਾਨਵਰ ਦੁਆਰਾ ਫੈਲਾਈ ਜਾਂਦੀ ਹੈ?

(1) ਕਿਰਲੀ (2) ਚੂਹੇ (3) ਮੱਖੀ (4) ਮੱਛਰ

(10) ਸਰੀਰ ਦੇ ਅੰਦਰਲੇ ਅੰਗਾਂ ਦੀ ਸਫਾਈ ਕੌਣ ਕਰਦਾ ਹੈ?

(1) ਯੋਗ (2) ਪਾਣੀ (3) ਲਹੂ (4) ਹਵਾ

(11) ਪਾਣੀ ਦੇ ਸਰੀਰ ਨੂੰ ਕੀ ਲਾਭ ਹਨ?

(1) ਤਾਪਮਾਨ ਸਥਿਰ ਰੱਖਦਾ ਹੈ।

(2) ਅੰਦਰਲੇ ਅੰਗਾਂ ਦੀ ਸਫਾਈ

(3) 1 ਅਤੇ 2 ਦੋਨੋਂ

(12) ਜੂੰਆਂ ਕਿੰਨੇ ਤਰ੍ਹਾਂ ਦੀਆਂ ਹੁੰਦੀਆਂ ਹਨ?

(1) ਦੋ (2) ਤਿੰਨ (3) ਚਾਰ (4) ਇੱਕ

(13) ਘਰ ਬਣਾਉਣ ਦੀ ਸਭ ਤੋਂ ਪਹਿਲੀ ਲੋੜ ਕੀ ਹੈ?

(1) ਇੱਟਾ (2) ਜ਼ਮੀਨ (3) ਸੀਮਿੰਟ (4) ਸਰੀਆ

(14) ਘਰ ਵਿੱਚ ਕਿਸ ਚੀਜ ਦੀ ਅਣਹੋਂਦ ਨਹੀਂ ਹੋਣੀ ਚਾਹੀਦੀ?

(1) ਕਮਰਿਆ ਦੀ (2) ਹਵਾ ਤੇ ਰੋਸ਼ਨੀ (3) ਫਰਨੀਚਰ (4) ਪੌੜੀਆਂ

(15) ਘਰ ਵਿੱਚ ਹਵਾ ਅਤੇ ਰੌਸ਼ਨੀ ਦੀ ਅਣਹੋਂਦ ਕਾਰਨ ਕੀ ਹੁੰਦਾ ਹੈ?

(1) ਗੰਦਗੀ ਫੈਲਦੀ ਹੈ (2) ਬਿਮਾਰੀਆਂ ਫੈਲਦੀਆਂ ਹਨ (3) ਹੁੰਮਸ ਵੱਧਦੀ ਹੈ।

(16) ਘਰ ਖਰੀਦਣ ਲੱਗਿਆਂ ਕਿਸ ਪਹਿਲੂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

(1) ਸਮਾਜਿਕ ਪਹਿਲੂ (2) ਆਰਥਿਕ ਪਹਿਲੂ (3) ਮਾਨਸਿਕ (4) ਸਰੀਰਿਕ

(17) ਘਰ ਦਾ ਕੂੜਾ ਕਰਕਟ ਕਿੱਥੇ ਸੁੱਟਣਾ ਚਾਹੀਦਾ ਹੈ।

(1) ਗਲੀਆਂ ਵਿੱਚ (2) ਢੱਕਣ ਵਾਲੇ ਢੋਲ ਵਿੱਚ (3) ਕਮਰਿਆਂ ਵਿੱਚ (4) ਘਰ ਤੋਂ ਬਾਹਰ

(18) ਘਰ ਵਿੱਚੋਂ ਗੰਦੇ ਪਾਣੀ ਦੇ ਨਿਕਾਸ ਲਈ ਕੀ ਬਣਾਉਣਾ ਚਾਹੀਦਾ ਹੈ?

(1) ਟੈਂਕੀਆਂ (2) ਪੱਕੀਆਂ ਨਾਲੀਆਂ (3) ਟੋਏ (4) ਸੀਵਰੇਜ

(19) ਚੌਗਿਰਦੇ ਨੂੰ ਸਾਫ਼ ਸੁਥਰਾ ਰੱਖਣ ਨਾਲ਼ ਕਿਸ ਤੋਂ ਛੁਟਕਾਰਾ ਮਿਲਦਾ ਹੈ?

(1) ਬਿਮਾਰੀਆਂ ਤੋਂ (2) ਗੰਦਗੀ ਤੋਂ (3) ਬਦਬੂ ਤੋਂ (4) ਗੰਦੀ ਹਵਾ ਤੋਂ

(20) ਮੱਖੀਆਂ ਅਤੇ ਮੱਛਰਾਂ ਨੂੰ ਮਾਰਨ ਲਈ ਕਿਸਦਾ ਛਿੜਕਾਓ ਕਰਨਾ ਚਾਹੀਦਾ ਹੈ?

(1) ਸਪਰੇ ਦਾ (2) ਡੀ.ਡੀ.ਟੀ. ਦਾ (3) ਫਿਨਾਇਲ (4) 2 ਅਤੇ 1 ਦੋਨੋ

(21) ਡੀ.ਡੀ.ਟੀ ਅਤੇ ਫਿਨਾਇਲ ਦਾ ਛਿੜਕਾਓ ਕਿਸਨੂੰ ਖਤਮ ਕਰਨ ਲਈ ਕੀਤਾ ਜਾਂਦਾ ਹੈ?

(1) ਕੀੜੇ (2) ਮੱਖੀ ਅਤੇ ਮੱਛਰ (3) ਚੂਹੇ (4) ਕੋਹੜ ਕਿਰਲੀ

(22) ਘਰੇਲੂ ਕੂੜੇ ਕਰਕਟ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ।

(1) ਗਲੀ ਚ ਸੁੱਟ ਕੇ (2) ਖਾਦ ਬਣਾ ਕੇ (3) ਜਲਾ ਕੇ 94) 2 ਅਤੇ 3 ਦੋਨੋਂ

(23) ਗੁਸਲਖਾਨੇ ਦਾ ਫਰਸ਼ ਕਿਸਦਾ ਬਣਿਆ ਹੋਣਾ ਚਾਹੀਦਾ ਹੈ?

(1) ਇੱਟਾ ਦਾ (2) ਸੰਗਮਰਮਰ ਦਾ (3) ਕੱਚਾ (4) ਕੋਈ ਨਹੀਂ

(24) ਮੱਖੀਆਂ ਅਤੇ ਮੱਛਰ ਕਿੱਥੇ ਪੈਦਾ ਹੁੰਦੇ ਹਨ।

(1) ਗੰਦੀ ਥਾਂ ਤੇ (2) ਗੰਦੇ ਪਾਣੀ ਤੇ (3) ਸਾਫ ਥਾਂ ਤੇ (4) ਘਰਾਂ ਵਿੱਚ

(25) ਗੰਦੇ ਪਾਣੀ ’ਤੇ ਕੀ ਪੈਦਾ ਹੁੰਦਾ ਹੈ?

(1) ਚੂਹੇ (2) ਖਟਮਲ (3) ਮੱਖੀਆਂ ਤੇ ਮੱਛਰ (4) ਕਿਰਨੀਆਂ

(26) ਖਟਮਲ ਕਿਸ ਜਲਵਾਯੂ ਵਿੱਚ ਵੱਧਦਾ ਹੈ?

(1) ਸੁੱਕੀ ਜਲਵਾਯੂ (2) ਸਿੱਲੀ ਜਲਵਾਯੂ (3) ਬਸੰਤ (4) ਬਰਸਾਤ ਵਿੱਚ

(27) ਮੱਖੀਆਂ ਦੁਆਰਾ ਗੰਦੇ ਕੀਤੇ ਭੋਜਨ ਨੂੰ ਖਾਣ ਨਾਲ਼ ਕੀ ਹੁੰਦਾ ਹੈ?

(1) ਪੇਟ ਖਰਾਬ (2) ਹੈਜ਼ਾ (3) ਬਿਮਾਰੀ (4) ਉਲਟੀਆਂ

(28) ਹੈਜ਼ਾ ਕਿਸ ਦੁਆਰਾ ਫੈਲਾਇਆ ਜਾਂਦਾ ਹੈ?

(1) ਮੱਛਰ (2) ਮੱਖੀਆਂ (3) ਕੀੜੇ (4) ਚੂਹੇ

(29) ਮੱਛਰ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

(1) ਤਿੰਨ (2) ਦੋ (3) ਚਾਰ (4) ਇੱਕ

(30) ਮਲੇਰੀਆ ਕਿਸ ਮੱਛਰ ਦੇ ਕੱਟਣ ਨਾਲ਼ ਫੈਲਦਾ ਹੈ?

(1) ਐਨਾਫਲੀਜ (2) ਕਿਊਲੈਕਸ (3) ਖਟਮਲ (4) ਚੂਹੇ।

(31) ਪਸ਼ੂ ਕਿੱਥੇ ਨਹੀਂ ਬੰਨਣੇ ਚਾਹੀਦੇ?

(1) ਸੜਕਾਂ ’ਤੇ (2) ਗਲੀਆਂ ਵਿੱਚ (3) ਰਸਤੇ ਵਿੱਚ (4) ਘਰਾਂ ਵਿੱਚ

(32) ਐਨਾਫਲੀਜ਼ ਮੱਛਰ ਦੇ ਕੱਟਣ ਨਾਲ਼ ਕੀ ਫੈਲਦਾ ਹੈ?

(1) ਹੈਜ਼ਾ (2) ਮਲੇਰੀਆ (3) ਟੀ.ਬੀ. (4) ਟਾਈਫਾਈਡ

(33) ਖਟਮਲ ਕਿਸ ਰੰਗ ਦਾ ਕੀੜਾ ਹੈ?

(1) ਕਾਲ਼ੇ (2) ਭੂਰੇ ਰੰਗ (3) ਲ਼ਾਲ਼ (4) ਕੋਈ ਨਹੀਂ।

(34) ਕਿਹੜੇ ਮੱਛਰ ਦੇ ਕੱਟਣ ਨਾਲ਼ ਖੂਨ ਵਿੱਚ ਜਰਮ ਫੈਲਦੇ ਹਨ?

(1) ਕਿਊਲੈਕਸ (2) ਐਨਾਫਲੀਜ਼ (3) ਮੱਖੀ (4) ਚੂਹੇ

(35) ਆਪਸੀ ਪਿਆਰ ਅਤੇ ਮਿਲਵਰਤਨ ਨਾਲ਼ ਕੀ ਸੰਭਵ ਹੋ ਸਕਦਾ ਹੈ?

(1) ਸਾਫ਼-ਸਫ਼ਾਈ (2) ਚੌਗਿਰਦੇ ਦੀ ਸਫ਼ਾਈ (3) ਆਲ਼ੇ-ਦੁਆਲ਼ੇ ਦੀ ਸਫ਼ਾਈ (4) 2 ਅਤੇ 3 ਦੋਨੋ

(36) ਸਫ਼ਾਈ ਕਿਉਂ ਜਰੂਰੀ ਹੈ?

(1) ਬਿਮਾਰ ਰਹਿਣ ਲਈ (2) ਤੰਦਰੁਸਤੀ ਲਈ (3) ਫਿਟਨੈਸ ਲਈ (4) ਕੋਈ ਨਹੀਂ

(37) ਕਿਸ ਤੋਂ ਬਾਅਦ ਸਫ਼ਾਈ ਦੂਜੇ ਦਰਜੇ ’ਤੇ ਆਉਂਦੀ ਹੈ?

(1) ਪ੍ਰਮਾਤਮਾ (2) ਮੱਖੀ ਮੱਛਰ (3) ਬਿਮਾਰੀ (4) ਕੋਈ ਨਹੀਂ।

(38) ਵਾਲਾਂ ਵਿੱਚ ਜੂੰਆਂ ਕਿਉਂ ਪੈਦਾ ਹੁੰਦੀਆਂ ਹਨ?

(1) ਧੋਣ ਕਰਕੇ (2) ਗੰਦੇ ਵਾਲਾਂ ਕਰਕੇ (3) ਮਿੱਟੀ ਘੱਟੇ ਕਾਰਨ (4) 2 ਅਤੇ 3 ਦੋਨੋਂ

(39) ਬੈੱਡ ਦੀ ਚਾਦਰਾਂ ਆਦਿ ਦੀ ਸਫ਼ਾਈ ਕਦੋਂ ਕਰਨੀ ਚਾਹੀਦੀ ਹੈ।

(1) ਰੋਜ਼ਾਨਾ (2) ਹਫਤਾਵਾਰੀ (3) ਦੋ ਦਿਨਾਂ ਬਾਅਦ (4) ਸਵੇਰੇ ਸ਼ਾਮ

(40) ਸ਼ੁੱਧ ਹਵਾ ਕਿਹੜੇ ਚੌਗਿਰਦੇ ਵਿੱਚੋਂ ਮਿਲਦੀ ਹੈ।

(1) ਗੰਦਗੀ ਵਾਲ਼ੇ (2) ਸਾਫ਼ ਸੁਥਰੇ (3) ਕੂੜੇ ਕਰਕਟ ਵਾਲ਼ੇ (4) ਬਦਬੂ ਵਾਲ਼ੇ

1.(1)

2.(4)

3.(1)

4.(2)

5.(2)

6.(3)

7.(2)

8. (2)

9.(2)

10.(2)

11.(3)

12.(2)

13(2)

14.(2)

15. (2)

16.(2)

17.(2)

18.(2)

19.(3)

20.(2)

21.(2)

22.(2)

23.(2)

24.(2)

25.(3)

26.(2)

27. (2)

28.(2)

29.(1)

30.(1)

31.(2)

32.(2)

33.(2)

34.(2)

35.

36.(2)

37.(2)

38. (2)

39.(4)

40.(2)

## ਪਾਠ-3

## ਭੋਜਨ

**ਛੋਟੇ ਪ੍ਰਸ਼ਨ Very Short Question**

(1) ਭੋਜਨ ਕੀ ਹੁੰਦਾ ਹੈ?

(2) ਸੰਤੁਲਿਤ ਭੋਜਨ ਤੋਂ ਕੀ ਭਾਵ ਹੈ?

(3) ਭੋਜਨ ਦਾ ਮੁੱਖ ਕੰਮ ਕੀ ਹੈ?

(4) ਵਿਟਾਮਿਨ ਕਿੰਨੇ ਪ੍ਰਕਾਰ ਦੇ ਹੁੰਦੇ ਹਨ?

(5) ਕਿਸ ਤੱਤ ਨਾਲ ਦੰਦ ਅਤੇ ਹੱਡੀਆਂ ਮਜ਼ਬੂਤ ਹੁੰਦੀਆਂ ਹਨ?

(6) ਕਾਰਬੋਹਾਈਡਰੇਟਸ ਦੀ ਰੋਜ਼ਾਨਾ ਭੋਜਨ ਵਿੱਚ ਕਿੰਨੀ ਮਾਤਰਾ ਦੀ ਲੋੜ ਹੁੰਦੀ ਹੈ?

(7) ਸਾਨੂੰ ਰੋਜ਼ਾਨਾ ਭੋਜਨ ਵਿੱਚ ਕਿੰਨੀ ਪ੍ਰੋਟੀਨ ਦੀ ਮਾਤਰਾ ਦੀ ਲੋੜ ਹੈ?

(8) ਪ੍ਰੋਟੀਨ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

(9) ਚਿਕਨਾਈ ਦੀ ਵੱਧ ਵਰਤੋਂ ਨਾਲ਼ ਕੀ ਹੁੰਦਾ ਹੈ?

(10) ਸੰਤੁਲਿਤ ਭੋਜਨ ਵਿੱਚ ਕਿੰਨੇ ਤੱਤ ਮੌਜੂਦ ਹੁੰਦੇ ਹਨ?

(11) ਕਾਰਬੋਹਾਈਡਰੇਟਸ ਕਿਹੜੇ ਤਿੰਨ ਰੂਪਾਂ ਵਿੱਚ ਮਿਲਦਾ ਹੈ?

(12) ਖਣਿਜ ਲੂਣ ਦੀ ਘਾਟ ਨਾਲ਼ ਕੀ ਹੁੰਦਾ ਹੈ?

(13) ਖਣਿਜ ਲੂਣ ਦੇ ਵਾਧੇ ਨਾਲ ਕੀ ਹੁੰਦਾ ਹੈ?

(14) ਸਰੀਰ ਵਿੱਚ ਕੁਲ ਕਿੰਨਵਾਂ ਭਾਗ ਪਾਣੀ ਹੈ?

(15) ਪਾਣੀ ਦੀ ਘਾਟ ਨਾਲ਼ ਕੀ ਹੁੰਦਾ ਹੈ?

(16) ਪਾਣੀ ਵਿੱਚ ਕਿਹੜੇ ਵਿਟਾਮਿਨ ਘੁਲ ਜਾਂਦੇ ਹਨ?

(17) ਕਿਹੜੇ ਵਿਟਾਮਿਨ ਦੇ ਖਾਣ ਨਾਲ਼ ਅੱਖਾਂ ਦੀ ਰੋਸ਼ਨੀ ਵੱਧਦੀ ਹੈ?

(18) ਵਿਟਾਮਿਨ A ਦੀ ਕਮੀ ਨਾਲ ਕੀ ਹੁੰਦਾ ਹੈ?

(19) ਵਿਟਾਮਿਨ B ਦਾ ਸਰੀਰ ਲਈ ਕੀ ਲਾਭ ਹੈ?

(20) ਕਿਹੜਾ ਵਿਟਾਮਿਨ ਰੋਸ਼ਨੀ ਅਤੇ ਗਰਮੀ ਨਾਲ਼ ਛੇਤੀ ਨਸ਼ਟ ਹੋ ਜਾਂਦਾ ਹੈ?

(21) ਪ੍ਰੋਟੀਨ ਵਿੱਚ ਕਿਹੜਾ ਤੱਤ ਮਿਲਦਾ ਹੈ?

(22) ਮਾਂ ਦੇ ਦੁੱਧ ਵਿੱਚ ਕਿੰਨੀ ਪ੍ਰੋਟੀਨ ਹੁੰਦੀ ਹੈ?

(23) ਇਸਤਰੀਆਂ ਨੂੰ ਬਾਂਝਪਣ ਦਾ ਰੋਗ ਕਿਹੜੇ ਵਿਟਾਮਿਨ ਦੀ ਘਾਟ ਕਾਰਨ ਹੁੰਦਾ ਹੈ?

(24) ਵਿਟਾਮਿਨ D ਦੀ ਪ੍ਰਾਪਤੀ ਦਾ ਸਸਤਾ ਸਰੋਤ ਕੀ ਹੈ?

(25) ਵਿਟਾਮਿਨ ਡੀ ਕਿਹੜੇ-ਕਿਹੜੇ ਪਦਾਰਥਾਂ ਵਿੱਚੋਂ ਮਿਲਦਾ ਹੈ?

(26) ਚਮੜੀ ਦੇ ਰੋਗ ਕਿਸ ਵਿਟਾਮਿਨ ਦੀ ਘਾਟ ਨਾਲ਼ ਹੁੰਦੇ ਹਨ?

(27) ਵਿਟਾਮਿਨ ਡੀ ਦੀ ਘਾਟ ਨਾਲ਼ ਕੀ ਹੁੰਦਾ ਹੈ?

(28) ਫੈਕਟ ਸਾਡੇ ਸਰੀਰ ਵਿੱਚ ਕੀ ਕੰਮ ਕਰਦੇ ਹਨ?

(29) ਸਾਡੀਆਂ ਅੰਤੜੀਆਂ ਦੀ ਸਫ਼ਾਈ ਕਿਵੇਂ ਹੁੰਦੀ ਹੈ?

(30) ਛੋਟੇ ਬੱਚਿਆਂ ਲਈ ਕਿਹੜਾ ਦੁੱਧ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ?

(31) ਦੁੱਧ ਨੂੰ ਕਿਹੜਾ ਭੋਜਨ ਕਿਹਾ ਗਿਆ ਹੈ?

(32) ਇੱਕ ਸੰਪੂਰਨ ਸੰਤੁਲਿਤ ਭੋਜਨ ਕਿਸਨੂੰ ਕਿਹਾ ਗਿਆ ਹੈ?

(33) ਵਿਟਾਮਿਨ ਸਰੀਰ ਵਿੱਚ ਕੀ ਕੰਮ ਕਰਦੇ ਹਨ?

(34) ਵਿਟਾਮਿਨ ਸੀ ਦੀ ਕਮੀ ਨਾਲ਼ ਕਿਹੜਾ ਰੋਗ ਹੋ ਜਾਂਦਾ ਹੈ?

(35) ਦੰਦਾਂ ਦਾ ਰੋਗ ਪਾਇਉਰੀਆ ਕਿਹੜੇ ਵਿਟਾਮਿਨ ਦੀ ਘਾਟ ਨਾਲ਼ ਹੁੰਦਾ ਹੈ?

(36) ਵਿਟਾਮਿਨ ਏ ਦੀ ਪ੍ਰਾਪਤੀ ਦੇ ਸੋਮੇ ਕਿਹੜੇ ਹਨ?

(37) ਫੋਕਟ ਸਾਨੂੰ ਕਿਥੋਂ ਪ੍ਰਾਪਤ ਹੁੰਦਾ ਹੈ?

(38) ਲੋਹਾ ਸਰੀਰ ਵਿੱਚ ਕੀ ਕੰਮ ਕਰਦਾ ਹੈ?

(39) ਸਰੀਰ ਵਿੱਚ ਲਹੂ ਬਣਾਉਣ ਵਿੱਚ ਕਿਹੜਾ ਤੱਤ ਸਹਾਇਕ ਹੁੰਦਾ ਹੈ?

(40) ਸਰੀਰ ਵਿੱਚ ਵਾਧੇ ਅਤੇ ਵਿਕਾਸ ਲਈ ਕਿਹੜੇ ਤੱਤ ਲੋੜੀਂਦਾ ਹੈ?

(41) ਵਿਟਾਮਿਨ ਡੀ ਦੀ ਕਮੀ ਨਾਲ਼ ਕਿਹੜਾ ਰੋਗ ਹੋ ਜਾਂਦਾ ਹੈ?

(42) ਸੋਕੜਾ ਰੋਗ ਕਿਹੜੇ ਵਿਟਾਮਿਨ ਦੀ ਘਾਟ ਕਾਰਨ ਹੁੰਦਾ ਹੈ?

(43) ਕਵਾਸ਼ੀਉਰਕਰ ਰੋਗ ਕਿਸਦੀ ਘਾਟ ਕਾਰਨ ਹੁੰਦਾ ਹੈ?

(44) ਵਿਟਾਮਿਨ ਬੀ ਦੀ ਘਾਟ ਨਾਲ ਕਿਹੜਾ ਰੋਗ ਹੋ ਜਾਂਦਾ ਹੈ?

(45) ਵਗਦੇ ਖ਼ੂਨ ਨੂੰ ਰੋਕਣ ਵਿੱਚ ਕਿਹੜਾ ਵਿਟਾਮਿਨ ਸਹਾਇਤਾ ਕਰਦਾ ਹੈ?

**Short Questions**

1. ਭੋਜਨ ਦਾ ਕੀ ਅਰਥ ਹੈ?
2. ਭੋਜਨ ਦੇ ਮੁੱਖ ਤੱਤਾਂ ਦੇ ਨਾਂ ਦੱਸੋ?
3. ਸੰਤੁਲਿਤ ਭੋਜਨ ਤੋਂ ਕੀ ਭਾਵ ਹੈ?
4. ਕਿਹੜਾ ਭੋਜਨ ਮਨੁੱਖ ਲਈ ਜਿਆਦਾ ਉਪਯੋਗੀ ਹੈ?
5. ਲੋੜ ਤੋਂ ਵਧ ਖਾਂਦੇ ਭੋਜਨ ਦੇ ਕੀ ਨੁਕਸਾਨ ਹਨ?
6. ਵਾਧੂ ਭੋਜਨ ਖਾਣ ਦਾ ਲਾਭ ਕਿਉਂ ਨਹੀਂ ਹੁੰਦਾ?
7. ਚਰਬੀ ਸਰੀਰ ਲਈ ਕਿਉਂ ਜਰੂਰੀ ਹੈ?
8. ਭੋਜਨ ਸਾਡੇ ਸਰੀਰ ਲਈ ਕਿਉਂ ਲੋੜੀਂਦਾ ਹੈ?
9. ਪ੍ਰੋਟੀਨ ਕਿਸ ਨੂੰ ਆਖਦੇ ਹਨ?
10. ਪ੍ਰੋਟੀਨ ਮਨੁੱਖ ਲਈ ਕਿਵੇਂ ਮਹੱਤਵਪੂਰਨ ਹੈ?
11. ਪ੍ਰੋਟੀਨ ਦੇ ਦੋ ਲਾਭ ਦੱਸੋ?
12. ਪ੍ਰੋਟੀਨ ਦੇ ਵਾਧੇ ਨਾਲ ਕੀ ਨੁਕਸਾਨ ਹੁੰਦਾ ਹੈ?
13. ਵੱਧ ਕਾਰਬੋਹਾਈਡ੍ਰੇਟਸ ਲੈਣ ਦੇ ਕੀ ਨੁਕਸਾਨ ਹਨ?
14. ਕਾਰਬੋਹਾਈਡ੍ਰੇਟਸ ਸਰੀਰ ਲਈ ਕਿਵੇਂ ਲਾਭਦਾਇਕ ਹੈ?
15. ਖਣਿਜ ਲੂਣ ਸਾਨੂੰ ਕਿੱਥੇ ਪ੍ਰਾਪਤ ਹੁੰਦਾ ਹੈ?
16. ਭੋਜਨ ਦੇ ਮੁੱਖ ਕੰਮ ਕਿਹੜੇ-ਕਿਹੜੇ ਹਨ?
17. ਵਿਟਾਮਿਨ ਕਿੰਨੇ ਪ੍ਰਕਾਰ ਦੇ ਹਨ?
18. ਚਰਬੀ ਕੀ ਹੁੰਦੀ ਹੈ?
19. ਫੋਕਟ ਕੀ ਹੁੰਦਾ ਹੈ?
20. ਵੱਧ ਪਾਣੀ ਪੀਣ ਨਾਲ ਕੀ ਨੁਕਸਾਨ ਹੁੰਦਾ ਹੈ?
21. ਕੈਲੋਰੀ ਤੋਂ ਕੀ ਭਾਵ ਹੈ?
22. ਮਾਂ ਦਾ ਦੁੱਧ ਬੱਚੇ ਲਈ ਕਿਵੇਂ ਗੁਣਕਾਰੀ ਹੈ?
23. ਮਾਂ ਦਾ ਦੁੱਧ ਬੱਚੇ ਲਈ ਸਭ ਤੋਂ ਗੁਣਕਾਰੀ ਹੈ, ਕਾਰਨ ਦੱਸੋ?

24. ਵਿਟਾਮਿਨ 'ਏ' ਦੀ ਕਮੀ ਨਾਲ ਕਿਹੜੇ ਰੋਗ ਲੱਗਦੇ ਹਨ?
25. ਵਿਟਾਮਿਨ 'ਬੀ' ਦੀ ਕਮੀ ਨਾਲ ਕਿਹੜੇ ਰੋਗ ਹੋ ਸਕਦੇ ਹਨ?
26. ਵਿਟਾਮਿਨ 'ਸੀ ਦੀ ਕਮੀ ਕਾਰਨ ਕੀ ਹੁੰਦਾ ਹੈ?
27. ਪ੍ਰੋਟੀਨ ਦੀ ਕਮੀ ਨਾਲ ਕਿਹੜੇ-ਕਿਹੜੇ ਰੋਗ ਹੋ ਜਾਂਦੇ ਹਨ?
28. ਵਿਟਾਮਿਨ ਕਿੰਨੇ ਪ੍ਰਕਾਰ ਦੇ ਹਨ। ਉਹਨਾਂ ਦੇ ਨਾਂ ਲਿਖੋ?
29. ਵਿਟਾਮਿਨ 'ਏ' ਦੇ ਕੀ ਲਾਭ ਹਨ?
30. ਵਿਟਾਮਿਨ 'ਬੀ' ਦੇ ਕੀ ਲਾਭ ਹਨ?
31. ਵਿਟਾਮਿਨ 'ਸੀ' ਦੇ ਕੀ ਲਾਭ ਹਨ?
32. ਵਿਟਾਮਿਨ 'ਡੀ' ਦੇ ਕੀ ਲਾਭ ਹਨ?
33. ਵਿਟਾਮਿਨ 'ਈ' ਅਤੇ 'ਕੇ' ਦੇ ਕੀ ਲਾਭ ਹਨ?
34. 'ਵਿਟਾਮਿਨ ਬੀ' ਸਾਨੂੰ ਕਿੱਥੋਂ ਪ੍ਰਾਪਤ ਹੁੰਦਾ ਹੈ?
35. ਵਿਟਾਮਿਨ ਬੀ$_4$ ਦੀ ਪ੍ਰਾਪਤੀ ਦੇ ਸੋਮੇ ਲਿਖੋ?
36. ਫੋਲਿਕ ਐਸਿਡ ਸਾਨੂੰ ਕਿੱਥੋਂ ਪ੍ਰਾਪਤ ਹੁੰਦਾ ਹੈ?
37. ਵਿਟਾਮਿਨ ਬੀ$_4$ ਦੀ ਕਮੀ ਨਾਲ ਕਿਹੜਾ ਰੋਗ ਹੋ ਜਾਂਦਾ ਹੈ?
38. ਵਿਟਾਮਿਨ ਬੀ ਦੀ ਕਮੀ ਨਾਲ ਕੀ ਹੁੰਦਾ ਹੈ?
39. ਰਾਈਬੋਫਲੇਵਿਨ ਦੀ ਘਾਟ ਦੇ ਕੀ ਨੁਕਸਾਨ ਹਨ?

**Fill in the Blanks**

1. ਭੋਜਨ ਸਰੀਰ ਨੂੰ <u>ਗਰਮੀ ਅਤੇ ਸ਼ਕਤੀ</u> ਦਿੰਦਾ ਹੈ। (ਗਰਮੀ ਅਤੇ ਸ਼ਕਤੀ, ਪ੍ਰੋਟੀਨ)
2. ਜਿਸ ਭੋਜਨ ਵਿੱਚ ਸਾਰੇ ਖ਼ੁਰਾਕੀ ਤੱਤ ਮੌਜੂਦ ਹੋਣ ਉਸਨੂੰ ਭੋਜਨ <u>ਸੰਤੁਲਿਤ</u> ਕਿਹਾ ਜਾਂਦਾ ਹੈ। (ਸੰਤੁਲਿਤ, ਵਧੀਆ)
3. ਭੋਜਨ ਸਰੀਰ ਦਾ <u>ਵਿਕਾਸ</u> ਕਰਦਾ ਹੈ। (ਵਿਕਾਸ, ਬਚਾਉ)
4. ਵਿਟਾਮਿਨ ਛੇ ਪ੍ਰਕਾਰ ਦੇ ਹੁੰਦੇ ਹਨ। (ਤਿੰਨ, ਛੇ)
5. <u>ਕੈਲਸ਼ੀਅਮ</u> ਤੱਤ ਨਾਲ਼ ਦੰਦ ਤੇ ਹੱਡੀਆਂ ਮਜਬੂਤ ਹੁੰਦੀਆਂ ਹਨ। (ਵਿਟਾਮਿਨ, ਕੈਲਸ਼ੀਅਮ)
6. ਸਾਡੀ ਖ਼ੁਰਾਕ ਵਿੱਚ ਰੋਜ਼ਾਨਾ 50 ਤੋਂ 80% <u>ਕਾਰਬੋਹਾਈਡ੍ਰੇਟਸ</u> ਹੁੰਦਾ ਹੈ। (ਚਰਬੀ, ਕਾਰਬੋਹਾਈਡ੍ਰੇਟਸ)
7. ਬਨਸਪਤੀ ਪ੍ਰੋਟੀਨ <u>ਬਨਸਪਤੀ</u> ਸ੍ਰੋਤਾਂ ਤੋਂ ਪ੍ਰਾਪਤ ਹੁੰਦੀ ਹੈ। (ਪਸ਼ੂਆ, ਬਨਸਪਤੀ)
8. ਚਿਕਨਾਈ ਦੀ ਵੱਧ ਵਰਤੋਂ ਕਰਨ ਨਾਲ <u>ਮੋਟਾਪਾ</u> ਵੱਧਦਾ ਹੈ। (ਮੋਟਾਪਾ, ਬਿਮਾਰੀ)
9. ਸੰਤੁਲਿਤ ਭੋਜਨ ਵਿੱਚ <u>ਛੇ</u> ਤੱਤ ਮੌਜੂਦ ਹੁੰਦੇ ਹਨ। (ਛੇ, ਚਾਰ)
10. ਖ਼ੂਨ ਦਾ ਰੰਗ ਖਣਿਜ ਲੂਣ ਦੇ ਵਾਧੇ ਨਾਲ਼ ____________ ਹੁੰਦਾ ਹੈ। (ਲਾਲ, ਨੀਲਾ)
11. ਪਾਣੀ ਦਾ ਘਾਟ ਨਾਲ <u>ਕਬਜ</u> ਹੋ ਜਾਂਦੀ ਹੈ। (ਕਬਜ, ਬਿਮਾਰੀ)
12. ਵਿਟਾਮਿਨ ਬੀ ਅਤੇ ਵਿਟਾਮਿਨ ਸੀ ਪਾਣੀ ਵਿੱਚ <u>ਘੁਲ</u> ਜਾਂਦੇ ਹਨ। (ਘੁਲ, ਅਘੁਲ)
13. <u>ਵਿਟਾਮਿਨ ਏ</u> ਅੱਖਾਂ ਦੀ ਰੋਸ਼ਨੀ ਤੇਜ਼ ਕਰਦਾ ਹੈ। (ਵਿਟਾਮਿਨ ਏ, ਵਿਟਾਮਿਨ ਬੀ)
14. ਵਿਟਾਮਿਨ 'ਬੀ' ਲੈਣ ਨਾਲ਼ ਦਿਮਾਗ ਨੂੰ <u>ਸ਼ਕਤੀ</u> ਪ੍ਰਾਪਤ ਹੁੰਦੀ ਹੈ। (ਸ਼ਕਤੀ, ਕਮਜੋਰੀ)

15. ਵਿਟਾਮਿਨ ਸੀ ਰੋਸ਼ਨੀ ਅਤੇ ਗਰਮੀ ਨਾਲ਼ ਛੇਤੀ ਨਸ਼ਟ ਹੋ ਜਾਂਦਾ ਹੈ। (ਵਿਟਾਮਿਨ ਸੀ, ਵਿਟਾਮਿਨ ਏ)
16. ਗਾਂ ਦੇ ਦੁੱਧ ਵਿੱਚ ਪ੍ਰਤੀਸ਼ਤ 3.5 ਪ੍ਰੋਟੀਨ ਹੁੰਦੀ ਹੈ। (3.5%, 2%)
17. ਇਸਤਰੀਆਂ ਵਿੱਚ ਬਾਂਝਪਣ ਦਾ ਰੋਗ ਵਿਟਾਮਿਨ ਈ ਦੀ ਘਾਟ ਨਾਲ ਹੁੰਦਾ ਹੈ। (ਈ, ਏ)
18. ਵਿਟਾਮਿਨ 'ਡੀ' ਦਾ ਸਭ ਤੋਂ ਸਸਤਾ ਸਰੋਤ ਸੂਰਜ ਦੀ ਰੋਸ਼ਨੀ ਹੈ। (ਸੂਰਜ ਦੀ ਰੋਸ਼ਨੀ, ਖੁਰਾਕ)
19. ਵਿਟਾਮਿਨ K ਦੀ ਘਾਟ ਨਾਲ਼ ਚਮੜੀ ਦੇ ਰੋਗ ਲੱਗ ਜਾਂਦੇ ਹਨ। (ਚਮੜੀ, ਦਿਲ)
20. ਫੋਕਟ ਸਾਡੀਆਂ ਅੰਤੜੀਆਂ ਦੀ ਸਫ਼ਾਈ ਕਰਨ ਵਿੱਚ ਸਹਾਇਤਾ ਕਰਦੇ ਹਨ। (ਅੰਤੜੀਆਂ, ਮਿਹਦਾ)
21. ਦੁੱਧ ਨੂੰ ਇੱਕ ਵਧੀਆ ਸੰਤੁਲਿਤ ਭੋਜਨ ਮੰਨਿਆ ਜਾਂਦਾ ਹੈ। (ਦੁੱਧ, ਰੋਟੀ)
22. ਦੰਦਾਂ ਦਾ ਰੋਗ ਪਾਇਉਰੀਆ ਵਿਟਾਮਿਨ ਸੀ ਦੀ ਘਾਟ ਨਾਲ ਹੁੰਦਾ ਹੈ। (ਸੀ, ਏ)
23. ਸਰੀਰ ਵਿੱਚ ਵਾਧੇ ਅਤੇ ਟੁੱਟ ਫੁੱਟ ਦੀ ਮੁਰੰਮਤ ਕਰਨ ਵਿੱਚ ਕਾਰਬੋਹਾਈਡ੍ਰੇਟਸ ਤੱਤ ਲੋੜੀਂਦਾ ਹੈ। (ਚਰਬੀ, ਕਾਰਬੋਹਾਈਡ੍ਰੇਟਸ)
24. ਸੋਕੜਾ ਰੋਗ ਵਿਟਾਮਿਨ ਡੀ ਦੀ ਘਾਟ ਨਾਲ ਹੁੰਦਾ ਹੈ। (ਡੀ, ਕੇ)
25. ਵਿਟਾਮਿਨ ਬੀ$_4$ ਦੀ ਕਮੀ ਨਾਲ਼ ਪਲੇਗਰਾ ਨਾਂ ਦਾ ਰੋਗ ਹੋ ਜਾਂਦਾ ਹੈ। (ਪਲੇਗਰਾ, ਬੇਰੀ-ਬੇਰੀ)

**True/False or Yes/No**

1. ਭੋਜਨ ਸਰੀਰ ਨੂੰ ਗਰਮੀ ਅਤੇ ਸ਼ਕਤੀ ਦਿੰਦਾ ਹੈ। (✓)
2. ਸੰਤੁਲਿਤ ਭੋਜਨ ਵਿੱਚ ਸਾਰੇ ਖੁਰਾਕੀ ਤੱਤ ਨਹੀਂ ਹੁੰਦੇ। (✗)
3. ਭੋਜਨ ਦਾ ਮੁੱਖ ਕੰਮ ਭੁੱਖ ਮਿਟਾਉਣਾ ਹੈ। (✗)
4. ਭੋਜਨ ਦਾ ਮੁੱਖ ਕੰਮ ਸਰੀਰ ਦਾ ਵਿਕਾਸ ਕਰਨਾ ਹੈ। (✓)
5. ਕੈਲਸ਼ੀਅਮ ਤੱਤ ਨਾਲ਼ ਦੰਦ ਅਤੇ ਹੱਡੀਆਂ ਮਜਬੂਤ ਹੁੰਦੀਆਂ ਹਨ। (✓)
6. ਕਾਰਬੋਹਾਈਡ੍ਰੇਟਸ ਸਾਨੂੰ ਤਿੰਨ ਰੂਪਾਂ ਵਿੱਚ ਮਿਲਦਾ ਹੈ। (✓)
7. ਲਹੂ ਦਾ ਰੰਗ ਲਾਲ ਕਾਰਬੋਹਾਈਡ੍ਰੇਟਸ ਕਰਕੇ ਹੁੰਦਾ ਹੈ। (✗)
8. ਵਿਟਾਮਿਨ ਬੀ ਅਤੇ ਸੀ ਪਾਣੀ ਵਿੱਚ ਘੁਲ ਜਾਂਦੇ ਹਨ। (✓)
9. ਵਿਟਾਮਿਨ 'ਡੀ' ਧੁੱਪ ਨਾਲ਼ ਨਸ਼ਟ ਹੋ ਜਾਂਦਾ ਹੈ। (✗)
10. ਫੋਕਟ ਸਾਡੇ ਸਰੀਰ ਨੂੰ ਸ਼ਕਤੀ ਦਿੰਦੇ ਹਨ। (✗)
11. ਵਿਟਾਮਿਨ ਈ ਦੇ ਘਾਟ ਇਸਤਰੀਆਂ ਵਿੱਚ ਬਾਂਝਪਣ ਦਾ ਕਾਰਨ ਬਣਦੀ ਹੈ। (✓)
12. ਫੋਕਟ ਸਾਡੀਆਂ ਅੰਤੜੀਆਂ ਦੀ ਸਫਾਈ ਕਰਦੇ ਹਨ। (✓)
13. ਵਿਟਾਮਿਨ ਲਹੂ ਜੰਮਣ ਦੀ ਕਿਰਿਆ ਵਿੱਚ ਸਹਾਇਤਾ ਕਰਦੇ ਹਨ। (✓)
14. ਵਿਟਾਮਿਨ K ਦੀ ਘਾਟ ਨਾਲ਼ ਚਮੜੀ ਰੋਗ ਹੋ ਜਾਂਦੇ ਹਨ। (✓)
15. ਦੁੱਧ ਇੱਕ ਸੰਤੁਲਤ ਭੋਜਨ ਨਹੀਂ ਹੈ। (✗)
16. ਕਾਰਬੋਹਾਈਡ੍ਰੇਟਸ ਸਰੀਰ ਦਾ ਵਾਧਾ ਅਤੇ ਵਿਕਾਸ ਕਰਨ ਵਿੱਚ ਸਹਾਇਤਾ ਕਰਦੇ ਹਨ। (✓)
17. ਵਿਟਾਮਿਨ 'ਡੀ' ਦੀ ਕਮੀ ਨਾਲ਼ ਸੋਕੜਾ ਰੋਗ ਹੋ ਜਾਂਦਾ ਹੈ। (✓)
18. ਸੂਰਜ ਦੀ ਧੁੱਪ ਵਿਟਾਮਿਨ ਡੀ ਦਾ ਸਭ ਤੋਂ ਸਸਤਾ ਸਰੋਤ ਹੈ। (✓)

19. ਮਾਂ ਦਾ ਦੁੱਧ ਛੋਟੇ ਬੱਚਿਆਂ ਲਈ ਲਾਭਦਾਇਕ ਨਹੀਂ ਹੈ। (✗)

20. ਵਿਟਾਮਿਨ ਸੀ ਰੋਸ਼ਨੀ ਅਤੇ ਗਰਮੀ ਨਾਲ਼ ਛੇਤੀ ਨਸ਼ਟ ਹੋ ਜਾਂਦਾ ਹੈ। (✓)

**Match the following type**

| | |
|---|---|
| 1. ਭੋਜਨ | 1. 70 ਤੋਂ 80 ਗਰਾਮ |
| 2. ਸੰਤੁਲਿਤ ਭੋਜਨ | 2. 50 ਤੋਂ 80% |
| 3. ਵਿਟਾਮਿਨ | 3. ਗਰਮੀ ਤੇ ਸ਼ਕਤੀ |
| 4. ਦੰਦ ਤੇ ਹੱਡੀਆਂ | 4. ਉਚਿੱਤ ਖੁਰਾਕੀ ਤੱਤ |
| 5. ਕਾਰਬੋਹਾਈਡ੍ਰੇਟਸ | 5. ਪੰਜ ਪ੍ਰਕਾਰ ਦੇ |
| 6. ਪ੍ਰੋਟੀਨ | 6. ਕੈਲਸ਼ੀਅਮ |

| | |
|---|---|
| 1. ਵੱਧ ਚਿਕਨਾਈ | 1. ਵਿਟਾਮਿਨ 'ਡੀ' |
| 2. ਸਟਾਰਚ ਤੇ ਸ਼ੱਕਰ | 2. ਗਰਮੀ ਨਾਲ ਨਸ਼ਟ |
| 3. ਕਬਜ਼ | 3. ਮੋਟਾਪਾ |
| 4. ਅੱਖਾਂ ਦੀ ਰੋਸ਼ਨੀ | 4. ਕਾਰਬੋਹਾਈਡਰੇਟਸ |
| 5. ਵਿਟਾਮਿਨ ਸੀ | 5. ਪਾਣੀ ਦੀ ਘਾਟ |
| 6. ਸੂਰਜ ਦੀ ਧੁੱਪ | 6. ਵਿਟਾਮਿਨ ਏ |

| | |
|---|---|
| 1. ਦੁੱਧ | 1. ਚਮੜੀ ਦੇ ਰੋਗ |
| 2. ਪਾਇਓਰੀਆ | 2. ਅੰਤੜੀਆਂ ਦੀ ਸਫਾਈ |
| 3. ਟੁੱਟ ਫੁੱਟ ਦੀ ਮੁਰੰਮਤ | 3. ਸੰਤੁਲਤ ਭੋਜਨ |
| 4. ਰੋਗਾਂ ਤੋਂ ਸੁਰੱਖਿਆ | 4. ਵਿਟਾਮਿਨ 'ਸੀ' |
| 5. ਫੋਕਟ | 5. ਕਾਰਬੋਹਾਈਡਰੇਟਸ |
| 6. ਵਿਟਾਮਿਨ 'ਕੇ' | 6. ਪ੍ਰੋਟੀਨ ਤੇ ਚਰਬੀ |

**Multiple choice Questions**

(1) ਭੋਜਨ ਦਾ ਮੁੱਖ ਕੰਮ ਹੈ।
(1) ਸ਼ਕਤੀ ਅਤੇ ਗਰਮੀ (2) ਭੁੱਖ ਮਿਟਾਉਣਾ (3) ਰੋਗਾਂ ਨਾਲ ਮੁਕਾਬਲਾ

(2) ਕਿਸ ਤੱਤ ਨਾਲ਼ ਦੰਦ ਅਤੇ ਹੱਡੀਆਂ ਮਜਬੂਤ ਹੁੰਦੀਆਂ ਹਨ?
(1) ਚਰਬੀ (2) ਕੈਲਸ਼ੀਅਮ (3) ਪ੍ਰੋਟੀਨ

(3) ਭੋਜਨ ਜਿਸ ਵਿੱਚ ਸਾਰੇ ਖੁਰਾਕੀ ਤੱਤ ਮੌਜੂਦ ਹੋਣ ਉਸ ਨੂੰ ਕੀ ਕਹਿੰਦੇ ਹਨ?
(1) ਕਾਰਬੋਹਾਈਡਰੇਟਸ (2) ਸੰਤੁਲਿਤ ਭੋਜਨ (3) ਖੁਰਾਕ

(4) ਚਿਕਨਾਈ ਦੀ ਵਧ ਵਰਤੋਂ ਨਾਲ਼ ਕੀ ਹੁੰਦਾ ਹੈ?
(1) ਸੋਕੜਾ (2) ਮੋਟਾਪਾ (3) ਬਿਮਾਰੀਆਂ

(5) ਸੰਤੁਲਿਤ ਭੋਜਨ ਵਿੱਚ ਕਿੰਨੇ ਤੱਤ ਹੁੰਦੇ ਹਨ?
(1) ਪੰਜ (2) ਚਾਰ (3) ਛੇ

(6) ਕਾਰਬੋਹਾਈਡਰੇਟਸ ਕਿਹੜੇ ਦੋ ਰੂਪਾਂ ਵਿੱਚ ਮਿਲਦੀ ਹੈ?
(1) ਪ੍ਰੋਟੀਨ, ਚਰਬੀ (2) ਸੱਕਰ ਤੇ ਸਟਾਰਚ (3) ਵਿਟਾਮਿਨ, ਖਣਿਜ

(7) ਪਾਣੀ ਦੀ ਘਾਟ ਨਾਲ਼ ਕੀ ਹੁੰਦਾ ਹੈ?

(1) ਸੋਕੜਾ (2) ਕਬਜ਼ੀ (3) ਬਿਮਾਰੀ

(8) ਖਣਿਜ ਲੂਣ ਦੇ ਵਾਧੇ ਨਾਲ਼ ਕੀ ਹੁੰਦਾ ਹੈ?

(1) ਬਿਮਾਰੀਆਂ (2) ਲਹੂ ਦਾ ਰੰਗ ਲਾਲ (3) ਕਬਜ਼

(9) ਵਿਟਾਮਿਨ ਬੀ ਅਤੇ ਵਿਟਾਮਿਨ ਸੀ ਕਿਸ ਵਿੱਚ ਘੁਲਣਸ਼ੀਲ ਹਨ।

(1) ਦੁੱਧ (2) ਪਾਣੀ (3) ਚਾਹ

(10) ਵਿਟਾਮਿਨ ਡੀ ਕਿਸ ਨਾਲ ਨਸ਼ਟ ਹੁੰਦਾ ਹੈ?

(1) ਸੂਰਜ ਦੀ ਧੁੱਪ (2) ਪਾਣੀ ਨਾਲ਼ (3) ਅੰਗ ਨਾਲ਼

(11) ਫੋਕਟ ਸਰੀਰ ਵਿੱਚ ਕੀ ਕੰਮ ਕਰਦੇ ਹਨ?

(1) ਗਰਮੀ ਤੇ ਸ਼ਕਤੀ (2) ਆਂਤੜੀਆ ਦੀ ਸਫ਼ਾਈ (3) ਭੁੱਖ ਮਿਟਾਉਣਾ

(12) ਚਮੜੀ ਦੇ ਰੋਗ ਕਿਸ ਵਿਟਾਮਿਨ ਦੀ ਘਾਟ ਨਾਲ਼ ਹੁੰਦੇ ਹਨ।

(1) ਵਿਟਾਮਿਨ ਏ (2) ਵਿਟਾਮਿਨ ਕੇ (3) ਵਿਟਾਮਿਨ ਡੀ

(13) ਵਿਟਾਮਿਨ ਏ ਸਾਨੂੰ ਕਿੱਥੋਂ ਮਿਲਦਾ ਹੈ?

(1) ਭੋਜਨ ਤੋਂ (2) ਪਾਲਕ ਅਤੇ ਮੇਥੀ ਤੋਂ (3) ਧੁੱਪ ਤੋਂ

(14) ਫੋਕਟ ਸਾਨੂੰ ਕਿਹੜੇ ਖੁਰਾਕੀ ਤੱਤਾਂ ਤੋਂ ਪ੍ਰਾਪਤ ਹੁੰਦਾ ਹੈ?

(1) ਦਾਣਿਆਂ ਅਤੇ ਮਾਸ ਤੋਂ (2) ਸਬਜੀਆਂ ਤੋਂ (3) ਸੁੱਕੇ ਮੇਵਿਆਂ ਤੋਂ

(15) ਸਰੀਰ ਵਿੱਚ ਵਾਧੇ ਅਤੇ ਟੁੱਟ ਭੁੱਟ ਦੀ ਮੁਰੰਮਤ ਲਈ ਕਿਹੜਾ ਤੱਤ ਲੋੜੀਂਦਾ ਹੈ?

(1) ਪ੍ਰੋਟੀਨ (2) ਕਾਰਬੋਹਾਈਡਰੇਟਸ (3) ਚਰਬੀ

(16) ਰੋਗਾਂ ਤੋਂ ਸੁਰੱਖਿਆ ਲਈ ਕਿਹੜੇ ਤੱਤ ਲੋੜੀਂਦੇ ਹਨ?

(1) ਵਿਟਾਮਿਨ (2) ਪ੍ਰੋਟੀਨ ਅਤੇ ਚਰਬੀ (3) ਪਾਣੀ

(17) ਵਿਟਾਮਿਨ 'ਡੀ' ਦੀ ਕਮੀ ਨਾਲ਼ ਕਿਹੜਾ ਰੋਗ ਹੋ ਜਾਂਦਾ ਹੈ?

(1) ਚਮੜੀ ਰੋਗ (2) ਸੋਕੜਾ (3) ਕਬਜ਼

(18) ਸਰੀਰ ਵਿੱਚ ਲਹੂ ਬਣਾਉਣ ਵਿੱਚ ਕਿਹੜਾ ਤੱਤ ਸਹਾਇਕ ਹੁੰਦਾ ਹੈ?

(1) ਪ੍ਰੋਟੀਨ (2) ਲੋਹਾ (3) ਕੈਲਸ਼ੀਅਮ

(19) ਇੱਕ ਸੰਪੂਰਨ ਸੰਤੁਲਿਤ ਭੋਜਨ ਕਿਸਨੂੰ ਕਿਹਾ ਗਿਆ ਹੈ?

(1) ਮੱਛੀ ਨੂੰ (2) ਦੁੱਧ ਨੂੰ (3) ਸਬਜੀਆਂ ਨੂੰ

(20) ਛੋਟੇ ਬੱਚਿਆਂ ਨੂੰ ਕਿਹੜਾ ਦੁੱਧ ਸਭ ਤੋਂ ਵਧੀਆ ਮੰਨਿਆ ਗਿਆ ਹੈ?

(1) ਗਾਂ ਦਾ (2) ਮਾਂ ਦਾ (3)

**ਉੱਤਰ ਮਾਲਾ**

1. (1)

2. (2)

3. (2)

4. (2)

5.(3)

6. (2)

7. (2)

8. (2)

9. (2)

10.

11.(2)

12.(1)

13.(2)

14.(2)

15. (2)

16. (2)

17. (2)

18. (2)

19.(2)

20.(2)

## ਪਾਠ-4

## ਪੋਸ਼ਣ

**Very Short Questions**

1. ਕਿਸ ਤੱਤ ਦੀ ਘਾਟ ਕਾਰਨ ਜਿਗਰ ਵੱਧ ਜਾਂਦਾ ਹੈ?
2. ਸੋਕੇ ਦੀ ਬਿਮਾਰੀ ਕਿਸ ਤੱਤ ਦੀ ਘਾਟ ਕਾਰਨ ਹੁੰਦੀ ਹੈ?
3. ਕਵਾਸੀਉਰਕਰ ਬਿਮਾਰੀ ਨਾਲ ਕੀ ਹੁੰਦਾ ਹੈ?
4. ਧੁੱਪ ਅਤੇ ਖੁੱਲ੍ਹੀ ਹਵਾ ਨਾਲ਼ ਕਿਹੜੀ ਬਿਮਾਰੀ ਠੀਕ ਕੀਤੀ ਜਾ ਸਕਦੀ ਹੈ?
5. ਰਿਕੇਟਸ ਬਿਮਾਰੀ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ?
6. ਪਲੈਗਰਾ ਬਿਮਾਰੀ ਨਾਲ ਕੀ ਹੁੰਦਾ ਹੈ?
7. ਕਿਹੜੀ ਬਿਮਾਰੀ ਲੱਗਣ 'ਤੇ ਚਮੜੀ ਖੁਸ਼ਕ ਅਤੇ ਖੁਰਦਰੀ ਹੋ ਜਾਂਦੀ ਹੈ?
8. ਵਿਟਾਮਿਨ 'ਏ' ਦੀ ਕਮੀ ਨਾਲ਼ ਕਿਹੜਾ ਰੋਗ ਹੋ ਜਾਂਦਾ ਹੈ?
9. ਅੰਧਰਾਤਾ ਕਿਸ ਵਿਟਾਮਿਨ ਦੀ ਘਾਟ ਨਾਲ਼ ਹੁੰਦਾ ਹੈ?
10. ਵਿਟਾਮਿਨ 'ਬੀ' ਦੀ ਘਾਟ ਦੇ ਕੀ ਨੁਕਸਾਨ ਹਨ?
11. ਨਾੜੀ ਸੰਸਥਾਨ ਅਤੇ ਦਿਲ ਕਿਸ ਵਿਟਾਮਿਨ ਦੀ ਘਾਟ ਨਾਲ ਕਮਜੋਰ ਹੁੰਦੇ ਹਨ?
12. ਦੰਦ ਅਤੇ ਮਸੂੜੇ ਕਿਹੜੇ ਵਿਟਾਮਿਨ ਦੀ ਘਾਟ ਨਾਲ ਕਮਜੋਰ ਹੁੰਦੇ ਹਨ?
13. ਵਿਟਾਮਿਨ 'ਸੀ' ਦੀ ਕਮੀ ਨਾਲ ਕਿਹੜਾ ਰੋਗ ਹੁੰਦਾ ਹੈ?
14. ਆਇਓਡੀਨ ਦੀ ਘਾਟ ਕਾਰਨ ਕਿਹੜਾ ਰੋਗ ਹੋ ਜਾਂਦਾ ਹੈ?
15. ਗਿੱਲ੍ਹੜ ਰੋਗ ਕਿਸਦੀ ਘਾਟ ਕਾਰਨ ਹੁੰਦਾ ਹੈ?
16. ਕੈਲਸ਼ੀਅਮ ਸਾਡੇ ਲਈ ਕਿਵੇਂ ਫਾਈਦੇਮੰਦ ਹੈ?
17. ਔਰਤਾਂ ਵਿੱਚ ਬਾਂਝਪਨ ਕਿਹੜੇ ਵਿਟਾਮਿਨ ਦੀ ਕਮੀ ਨਾਲ ਹੁੰਦਾ ਹੈ?
18. ਵਿਟਾਮਿਨ 'ਕੇ' ਦੀ ਕਮੀ ਨਾਲ ਕਿਹੜੇ ਰੋਗ ਹੁੰਦੇ ਹਨ?
19. ਚਮੜੀ ਦੇ ਰੋਗ ਕਿਹੜੇ ਵਿਟਾਮਿਨ ਦੀ ਘਾਟ ਨਾਲ ਹੁੰਦੇ ਹਨ?
20. ਘੱਟ ਖੁਰਾਕ ਦੀ ਬਿਮਾਰੀ ਕੀ ਕਹਾਉਂਦੀ ਹੈ?
21. ਕੁਪੋਸ਼ਣ ਕੀ ਹੈ?
22. ਬੇਰੀ-ਬੇਰੀ ਨਾਂ ਦਾ ਰੋਗ ਕਿਸ ਵਿਟਾਮਿਨ ਦੀ ਘਾਟ ਕਾਰਨ ਹੁੰਦਾ ਹੈ?
23. ਵਿਟਾਮਿਨ ਬੀ ਦੀ ਘਾਟ ਨਾਲ ਕਿਹੜਾ ਰੋਗ ਹੁੰਦਾ ਹੈ?
24. ਲਹੂ ਨੂੰ ਬਣਾਉਣ ਵਿੱਚ ਕਿਹੜਾ ਤੱਤ ਲੋੜੀਂਦਾ ਹੈ?
25. ਸੰਤੁਲਿਤ ਭੋਜਨ ਨਾ ਖਾਣ ਨਾਲ ਕੀ ਹੁੰਦਾ ਹੈ?
26. ਕੁਪੋਸ਼ਣ ਹੋਣ ਦਾ ਕੀ ਕਾਰਨ ਹੈ?
27. ਸਰੀਰ ਦੇ ਵਾਧੇ ਅਤੇ ਵਿਕਾਸ ਵਿੱਚ ਕਿਹੜੇ ਤੱਤ ਸਹਾਇਤਾ ਕਰਦੇ ਹਨ?
28. ਖਾਧੇ ਭੋਜਨ ਤੋਂ ਲੋੜੀਂਦੀ ਊਰਜਾ ਮਿਲਣ ਨੂੰ ਕੀ ਆਖਦੇ ਹਨ?
29. ਪੋਸ਼ਣ ਤੋਂ ਕੀ ਭਾਵ ਹੈ?
30. ਸਾਨੂੰ ਵਿਟਾਮਿਨ C ਕਿਥੋਂ ਪ੍ਰਾਪਤ ਹੁੰਦਾ ਹੈ?
31. ਖੱਟੇ ਫਲਾਂ ਵਿਚੋਂ ਕਿਹੜਾ ਵਿਟਾਮਿਨ ਮਿਲਦਾ ਹੈ?
32. ਵਿਟਾਮਿਨ C ਦੀ ਕਮੀ ਨਾਲ ਕਿਹੜਾ ਰੋਗ ਹੋ ਜਾਂਦਾ ਹੈ?
33. ਸਕਰਵੀ ਰੋਗ ਕਿਹੜੇ ਵਿਟਾਮਿਨ ਦੀ ਕਮੀ ਨਾਲ ਹੁੰਦਾ ਹੈ?

34. ਊਰਜਾ ਅਤੇ ਪ੍ਰੋਟੀਨ ਦੀ ਕਮੀ ਨਾਲ ਕਿਹੜਾ ਰੋਗ ਹੁੰਦਾ ਹੈ?
35. ਮਰਾਸਮਸ ਰੋਗ ਕਿਹੜੇ ਤੱਤ ਦੀ ਕਮੀ ਕਾਰਨ ਹੁੰਦਾ ਹੈ?
36. ਤਰੁੱਟੀ ਰੋਗ ਕਿਸਦੀ ਘਾਟ ਕਾਰਨ ਹੁੰਦਾ ਹੈ?
37. ਮਰਾਸਮਸ ਰੋਗ ਦਾ ਕੋਈ ਇੱਕ ਲੱਛਣ ਦੱਸੋ?
38. ਤਲੀਆਂ ਹੋਈਆਂ ਵਸਤਾਂ ਤੇ ਚਰਬੀ ਯੁਕਤ ਵਸਤੂਆਂ ਖਾਣ ਨਾਲ਼ ਕੀ ਹੁੰਦਾ ਹੈ?
39. ਆਸਟੋਮਲੇਸ਼ੀਆ ਰੋਗ ਕਿਸ ਤੱਤ ਦੀ ਘਾਟ ਕਾਰਨ ਹੁੰਦਾ ਹੈ?
40. ਪ੍ਰੋਟੀਨ ਦੀ ਘਾਟ ਕਾਰਨ ਕਿਹੜੇ-ਕਿਹੜੇ ਰੋਗ ਹੁੰਦੇ ਹਨ?

**Short Questions**

1. ਕੁਪੋਸ਼ਨ ਤੋਂ ਕੀ ਭਾਵ ਹੈ?
2. ਕੁਪੋਸ਼ਨ ਨਾਲ ਸਾਡੇ ਸਰੀਰ ਤੇ ਕੀ ਪ੍ਰਭਾਵ ਪੈਂਦੇ ਹਨ?
3. ਤਰੁੱਟੀ ਰੋਗ ਕੀ ਹੁੰਦਾ ਹੈ?
4. ਤਰੁੱਟੀ ਰੋਗ ਦੇ ਮੁੱਖ ਲੱਛਣ ਕਿਹੜੇ ਹਨ?
5. ਅਨੀਮੀਆ ਰੋਗ ਕਿਵੇਂ ਲੱਗਦਾ ਹੈ?
6. ਪੀਲੀਆ ਰੋਗ ਕਿਵੇਂ ਲੱਗਦਾ ਹੈ?
7. ਮਗਸਮਸ ਰੋਗ ਕਿਉਂ ਹੁੰਦਾ ਹੈ?
8. ਮਗਸਮਸ ਰੋਗ ਦੇ ਦੋ ਲੱਛਣ ਦੱਸੋ?
9. ਕਿਸੇ ਵਿਅਕਤੀ ਨੂੰ ਅਨੀਮੀਆ ਹੋਣ ਦੇ ਕੀ ਕਾਰਨ ਹੋ ਸਕਦੇ ਹਨ?
10. ਮੋਟਾਪਾ ਕਿਉਂ ਹੁੰਦਾ ਹੈ?
11. ਅਨੀਮੀਆਂ ਰੋਗ ਦੀਆਂ ਕੀ ਨਿਸ਼ਾਨੀਆਂ ਹਨ?
12. ਅਨੀਮੀਆਂ ਰੋਗ ਤੋਂ ਕਿਵੇਂ ਬਚਾਅ ਕੀਤਾ ਜਾ ਸਕਦਾ ਹੈ?
13. ਮਿਕਸੀਡੀਮਾ ਰੋਗ ਦਾ ਇੱਕ ਲੱਛਣ ਦੱਸੋ?
14. ਲੋਹਾ ਤੱਤ ਸਾਡੇ ਸਰੀਰ ਵਿੱਚ ਕੀ ਕੰਮ ਕਰਦਾ ਹੈ?
15. ਕੁਪੋਸ਼ਣ ਦੇ ਕੋਈ ਦੋ ਕਾਰਨ ਦੱਸੋ?
16. ਵਧ ਕਾਰਬੋਜ਼ ਦੀ ਮਾਤਰਾ ਲੈਣ ਨਾਲ ਕੀ ਨੁਕਸਾਨ ਹੁੰਦਾ ਹੈ?
17. ਜੈਵਿਕ ਪ੍ਰਕਿਰਿਆ ਲਈ ਵਿਟਾਮਿਨ ਕਿਉਂ ਲੋੜੀਂਦੇ ਹਨ?
18. ਜੈਵਿਕ ਪ੍ਰਕਿਰਿਆ ਲਈ ਖਣਿਜ ਕਿਉਂ ਲੋੜੀਂਦੇ ਹਨ?
19. ਗਿਲ੍ਹੜ ਰੋਗ ਕਿਉਂ ਹੁੰਦਾ ਹੈ?
20. ਪੋਟਾਸ਼ੀਅਮ ਦੀ ਘਾਟ ਨਾਲ ਕੀ ਨੁਕਸਾਨ ਹੁੰਦਾ ਹੈ?
21. ਮਨੁੱਖ ਦੇ ਸਰੀਰ ਵਿੱਚ ਚਰਬੀ ਵੱਧਣ ਨਾਲ ਕੀ ਹੁੰਦਾ ਹੈ?
22. ਸਰੀਰ ਲਈ ਆਇਓਡੀਨ ਕਿਉਂ ਜ਼ਰੂਰੀ ਹੈ?
23. ਸਰੀਰ ਲਈ ਪਾਣੀ ਕਿਉਂ ਜਰੂਰੀ ਹੈ?
24. ਸਰੀਰ ਵਿੱਚ ਪਾਣੀ ਦੀ ਘਾਟ ਨਾਲ ਕੀ ਹਾਨੀਆਂ ਹੁੰਦੀਆਂ ਹਨ?
25. ਬੱਚਿਆਂ ਵਿੱਚ ਹੋਣ ਵਾਲੇ ਕਵਾਸ਼ਿਉਰਕਰ ਰੋਗ ਬਾਰੇ ਦੱਸੋ?
26. ਸੋਕਾ ਰੋਗ ਕਿਹੜੇ ਵਿਟਾਮਿਨ ਦੀ ਕਮੀ ਕਾਰਨ ਹੁੰਦਾ ਹੈ?
27. ਆਸਟੋਮਲੇਸ਼ੀਆ ਰੋਗ ਹੋਣ ਦਾ ਮੁੱਖ ਕਾਰਨ ਕੀ ਹੈ?
28. ਭੋਜਨ ਵਿੱਚ ਮਿਲਾਵਟ ਕਿਵੇਂ ਕੀਤੀ ਜਾਂਦੀ ਹੈ?

29. ਦੁੱਧ ਵਿੱਚ ਮਿਲਾਵਟ ਕਿਵੇਂ ਕੀਤੀ ਜਾਂਦੀ ਹੈ?

30. ਦੁੱਧ ਵਿੱਚ ਪਾਏ ਪਾਣੀ ਦੀ ਪਰਖ ਕਿਵੇਂ ਕੀਤੀ ਜਾਂਦੀ ਹੈ?

**Fill in the blanks with options:**

1. ਪ੍ਰੋਟੀਨ ਤੱਤ ਦੀ ਘਾਟ ਕਾਰਨ ਜਿਗਰ ਦਾ ਆਕਾਰ ਵੱਧ ਜਾਂਦਾ ਹੈ। (ਪ੍ਰੋਟੀਨ, ਚਰਬੀ)
2. ਕਵਾਸੀਉਰਕਰ ਬਿਮਾਰੀ ਕਾਰਨ ਬੱਚੇ ਦੀਆਂ ਟੰਗਾਂ ਸੁੱਕ ਜਾਂਦੀਆਂ ਹਨ। (ਟੰਗਾਂ, ਬਾਹਾਂ)
3. ਪ੍ਰੋਟੀਨ ਦੀ ਘਾਟ ਕਾਰਨ ਕਵਾਸੀਉਕਰ ਬਿਮਾਰੀ ਹੋ ਜਾਂਦੀ ਹੈ। (ਕਵਾਸੀਉਕਰ, ਮੋਟਾਪੇ)
4. ਧੁੱਪ ਅਤੇ ਖੁੱਲ੍ਹੀ ਹਵਾ ਵਿੱਚ ਬੈਠਕੇ ਸੋਕੜਾ ਬਿਮਾਰੀ ਦਾ ਉਪਾਓ ਕੀਤਾ ਜਾ ਸਕਦਾ ਹੈ। (ਮੋਟਾਪਾ, ਸੋਕੜਾ)
5. ਵਿਟਾਮਿਨ 'ਏ' ਦੀ ਕਮੀ ਨਾਲ ਅੰਧਰਾਤਾ ਰੋਗ ਹੋ ਜਾਂਦਾ ਹੈ। (ਅੰਧਰਾਤਾ, ਸੋਕਾ)
6. ਅੰਧਰਾਤਾ ਹੋਣ 'ਤੇ ਸਾਨੂੰ ਹਰੀਆਂ ਸਬਜੀਆਂ ਦਾ ਸੇਵਨ ਕਰਨਾ ਚਾਹੀਦਾ ਹੈ। (ਹਰੀਆਂ ਸਬਜੀਆਂ, ਦੁੱਧ)
7. ਵਿਟਾਮਿਨ 'ਬੀ' ਦੀ ਕਮੀ ਨਾਲ ਨਾੜੀ ਸੰਸਥਾਨ ਅਤੇ ਦਿਲ ਕਮਜ਼ੋਰ ਹੋ ਜਾਂਦੇ ਹਨ। (ਦਿਲ, ਦਿਮਾਗ)
8. ਦੰਦ ਅਤੇ ਮਸੂੜੇ ਸੀ ਵਿਟਾਮਿਨ ਦੀ ਕਮੀ ਕਾਰਨ ਕਮਜੋਰ ਹੁੰਦੇ ਹਨ। (ਸੀ, ਏ)
9. ਗਿੱਲ੍ਹੜ ਰੋਗ ਆਇਓਡੀਨ ਦੀ ਘਾਟ ਕਾਰਨ ਹੁੰਦੀ ਹੈ। (ਆਇਓਡੀਨ, ਖਣਿਜ ਲੂਣ)
10. ਗਲੇ ਦੀਆਂ ਗ੍ਰੰਥੀਆਂ ਲਮਕ ਜਾਣ ਨੂੰ ਗਿੱਲ੍ਹੜ ਰੋਗ ਕਹਿੰਦੇ ਹਨ। (ਗਿੱਲ੍ਹੜ, ਮੋਟਾਪਾ)
11. ਵਿਟਾਮਿਨ ਕੇ ਸਾਡੇ ਖੂਨ ਨੂੰ ਜੰਮਣ ਵਿੱਚ ਸਹਾਇਤਾ ਕਰਦਾ ਹੈ। (ਵਿਟਾਮਿਨ ਕੇ, ਪ੍ਰੋਟੀਨ)
12. ਵਿਟਾਮਿਨ ਕੇ ਦੀ ਕਮੀ ਨਾਲ ਚਮੜੀ ਦੇ ਰੋਗ ਹੋ ਜਾਂਦੇ ਹਨ। (ਚਮੜੀ, ਗਲੇ ਦੇ)
13. ਘੱਟ ਖੁਰਾਕ ਦੀ ਬਿਮਾਰੀ ਨੂੰ ਕੁਪੋਸ਼ਣ ਕਹਿੰਦੇ ਹਨ। (ਕੁਪੋਸ਼ਣ, ਪੋਸ਼ਣ)
14. ਆਇਰਨ ਦੀ ਕਮੀ ਨਾਲ ਅਨੀਮੀਆ ਰੋਗ ਹੋ ਸਕਦੇ ਹਨ। (ਅਨੀਮੀਆ, ਬੇਰੀ-ਬੇਰੀ)
15. ਬੇਰੀ-ਬੇਰੀ ਦਾ ਰੋਗ __________ ਵਿਟਾਮਿਨ ਦੀ ਘਾਟ ਨਾਲ ਹੁੰਦਾ ਹੈ। (ਬੀ, ਕੇ)
16. ਲੋਹਾ ਤੱਤ ਸਰੀਰ ਵਿੱਚ ਲਹੂ ਬਣਾਉਣ ਵਿੱਚ ਸਹਾਇਤਾ ਕਰਦਾ ਹੈ। (ਲੋਹਾ, ਕੈਲਸ਼ੀਅਮ)
17. ਭੋਜਨ ਵਿੱਚ ਵਿਟਾਮਿਨਾਂ ਦੀ ਕਮੀ ਹੋਣ ਨਾਲ ਤਰੁੱਟੀ ਰੋਗ ਹੋ ਜਾਂਦਾ ਹੈ। (ਤਰੁੱਟੀ ਰੋਗ, ਗਿੱਲੜ੍ਹ)
18. ਸੰਤੁਲਿਤ ਭੋਜਨ ਨਾ ਖਾਣ ਨਾਲ਼ ਕੁਪੋਸ਼ਣ ਹੋ ਜਾਂਦਾ ਹੈ। (ਕੁਪੋਸ਼ਣ, ਪੋਸ਼ਣ)
19. ਵਿਟਾਮਿਨ ਸੀ ਪਾਣੀ ਵਿੱਚ ਘੁੱਲਣਸ਼ੀਲ ਹੈ। (ਸੀ, ਡੀ)
20. ਖਾਧੇ ਭੋਜਨ ਤੋਂ ਲੋੜੀਂਦੀ ਊਰਜਾ ਮਿਲਣ ਨੂੰ ਪੋਸ਼ਣ ਆਖਦੇ ਹਨ। (ਪੋਸ਼ਣ, ਕੁਪੋਸ਼ਣ)
21. ਮੈਰਾਸਮਸ ਰੋਗ ਪ੍ਰੋਟੀਨ ਦੀ ਘਾਟ ਨਾਲ ਹੁੰਦਾ ਹੈ। (ਪ੍ਰੋਟੀਨ, ਕੈਲਸ਼ੀਅਮ)
22. ਅਨੀਮੀਆ ਰੋਗ ਨਾਲ ਰੋਗੀ ਦਾ ਰੰਗ ਪੀਲਾ ਪੈ ਜਾਂਦਾ ਹੈ। (ਅਨੀਮੀਆ, ਸੋਕੜਾ)
23. ਮਿਕਸੀਡੀਮਾ ਰੋਗ ਕਾਰਨ ਚਿਹਰੇ ਅਤੇ ਹੱਥ ਪੈਰਾਂ ਦੀ ਚਮੜੀ ਮੋਟੀ ਹੋ ਜਾਂਦੀ ਹੈ। (ਮਿਕਸੀਡੀਮਾ, ਮੋਟਾਪੇ)
24. ਪੋਟਾਸ਼ੀਅਮ ਦੀ ਘਾਟ ਕਾਰਨ ਨੀਂਦ ਘੱਟ ਆਉਂਦੀ ਹੈ। (ਨੀਂਦ, ਆਰਾਮ)
25. ਮੈਰਾਸਮਸ ਬੱਚਿਆਂ ਦਾ ਰੋਗ ਹੈ। (ਬੱਚਿਆਂ, ਵੱਡਿਆਂ)

**True/False or Yes/No**

1. ਪ੍ਰੋਟੀਨ ਦੀ ਘਾਟ ਕਾਰਨ ਜਿਗਰ ਦਾ ਸਾਈਜ਼ ਵਧ ਜਾਂਦਾ ਹੈ। (✓)
2. ਕਵਾਸੀਉਰਕਰ ਬੀਮਾਰੀ ਨਾਲ ਬੱਚੇ ਦੀਆਂ ਟੰਗਾਂ ਸੁੱਕਦੀਆਂ ਹਨ। (✓)

3. ਕਾਰਬੋਹਾਈਡਰੇਟਸ ਦੀ ਘਾਟ ਕਾਰਨ ਸੋਕਾ ਰੋਗ ਹੋ ਜਾਂਦਾ ਹੈ। (✗)
4. ਪ੍ਰੋਟੀਨ ਦੀ ਘਾਟ ਕਾਰਨ ਸੋਕਾ ਰੋਗ ਹੋ ਜਾਂਦਾ ਹੈ। (✓)
5. ਵਿਟਾਮਿਨ 'ਏ' ਦੀ ਕਮੀ ਨਾਲ ਅੰਧਰਾਤਾ ਹੋ ਜਾਂਦਾ ਹੈ। (✓)
6. ਪਲੈਗਰਾ ਦੀ ਬਿਮਾਰੀ ਵਿੱਚ ਚਮੜੀ ਖੁਸ਼ਕ ਅਤੇ ਖੁਰਦਰੀ ਹੋ ਜਾਂਦੀ ਹੈ। (✓)
7. ਹਰੀਆਂ ਸਬਜੀਆਂ ਦੇ ਸੇਵਨ ਨਾਲ ਅੰਧਰਾਤਾ ਠੀਕ ਨਹੀਂ ਹੁੰਦਾ। (✗)
8. ਕੈਲਸ਼ੀਅਮ ਤੱਤ ਸਾਡੇ ਲਈ ਜ਼ਿਆਦਾ ਮਹੱਤਵ ਨਹੀਂ ਰੱਖਦਾ। (✗)
9. ਬਾਂਝਪਨ ਦਾ ਰੋਗ ਵਿਟਾਮਿਨ ਈ ਦੀ ਕਮੀ ਨਾਲ ਨਹੀਂ ਹੁੰਦੀ। (✗)
10. ਵਿਟਾਮਿਨ ਕੇ ਦੀ ਕਮੀ ਨਾਲ ਚਮੜੀ ਰੋਗ ਹੋ ਜਾਂਦੇ ਹਨ। (✓)
11. ਕੁਪੋਸ਼ਣ ਵੱਧ ਖੁਰਾਕ ਖਾਣ ਨਾਲ ਹੁੰਦਾ ਹੈ। (✗)
12. ਆਇਰਨ ਖਣਿਜ ਦੀ ਕਮੀ ਕਾਰਨ ਅਨੀਮੀਆ ਹੋ ਜਾਂਦਾ ਹੈ। (✓)
13. ਬੇਰੀ-ਬੇਰੀ ਰੋਗ ਵਿਟਾਮਿਨ ਸੀ ਦੀ ਕਮੀ ਨਾਲ ਹੁੰਦਾ ਹੈ। (✗)
14. ਖਾਧੇ ਭੋਜਨਾਂ ਤੋਂ ਲੋੜੀਂਦੀ ਊਰਜਾ ਮਿਲਣ ਨੂੰ ਪੋਸ਼ਣ ਆਖਦੇ ਹਨ। (✓)
15. ਵਿਟਾਮਿਨ 'ਸੀ' ਪਾਣੀ ਵਿੱਚ ਨਹੀਂ ਘੁਲਦਾ। (✗)
16. ਮਗਸਮਸ ਰੋਗ ਊਰਜਾ ਅਤੇ ਪ੍ਰੋਟੀਨ ਦੀ ਕਮੀ ਕਾਰਨ ਹੁੰਦਾ ਹੈ। (✓)
17. ਭੋਜਨ ਵਿੱਚ ਵਿਟਾਮਿਨਾਂ ਅਤੇ ਖਣਿਜਾਂ ਦੀ ਕਮੀ ਨੂੰ ਤਰੁੱਟੀ ਰੋਗ ਕਹਿੰਦੇ ਹਨ। (✓)
18. ਲੋਹਾ ਤੱਤ ਲਹੂ ਬਣਾਉਣ ਵਿੱਚ ਸਹਾਇਤਾ ਨਹੀਂ ਕਰਦਾ। (✗)
19. ਘੱਟ ਖੁਰਾਕ ਦੀ ਬੀਮਾਰੀ ਨੂੰ ਕੁਪੋਸ਼ਣ ਕਹਿੰਦੇ ਹਨ। (✓)
20. ਸਕਰਵੀ ਰੋਗ ਵਿਟਾਮਿਨ ਸੀ ਦੀ ਕਮੀ ਨਾਲ ਨਹੀਂ ਹੁੰਦਾ। (✗)

| | |
|---|---|
| 1. ਜਿਗਰ ਵਧਣਾ | 1. ਵਿਟਾਮਿਨ ਕੇ |
| 2. ਰਿਕੇਟਸ | 2. ਘੱਟ ਖੁਰਾਕ |
| 3. ਅੰਧਰਾਤਾ | 3. ਪ੍ਰੋਟੀਨ ਦੀ ਘਾਟ |
| 4. ਗਿੱਲੜ੍ਹ | 4. ਧੁੱਪ ਅਤੇ ਖੁੱਲ੍ਹੀ ਹਵਾ |
| 5. ਚਮੜੀ ਦੇ ਰੋਗ | 5. ਵਿਟਾਮਿਨ 'ਏ' |
| 6. ਕੁਪੋਸ਼ਣ | 6. ਆਇਓਡੀਨ |

| | |
|---|---|
| 1. ਬੇਰੀ-ਬੇਰੀ | 1. ਊਰਜਾ ਅਤੇ ਪ੍ਰੋਟੀਨ ਦੀ ਕਮੀ |
| 2. ਆਇਰਨ ਦੀ ਕਮੀ | 2. ਮਿਕਸੀਡੀਮਾ ਰੋਗ |
| 3. ਸਕਰਵੀ ਰੋਗ | 3. ਵਿਟਾਮਿਨ-ਬੀ |
| 4. ਮੈਗਸਮਸ ਰੋਗ | 4. ਅਨੀਮੀਆ |
| 5. ਚਮੜੀ ਮੋਟੀ ਹੋਣੀ | 5. ਵਿਟਾਮਿਨ 'ਸੀ' |

| | |
|---|---|
| 1. ਸਰੀਰ ਵਿੱਚ ਲੋਹੇ ਦਾ ਕੰਮ | 1. ਗਲੇ ਵਿੱਚ ਸਥਿਤ |
| 2. ਅਨੀਮੀਆ ਰੋਗ | 2. ਮੋਟਾਪਾ |
| 3. ਕਵਾਸ਼ੀਉਰਕਰ | 3. ਹੀਮੋਗਲੋਬਿਨ ਦਾ ਨਿਰਮਾਣ |
| 4. ਅਧਿਕਤਰ ਚਰਬੀ | 4. ਲੋਹੇ ਦੀ ਘਾਟ |

5. ਥਾਈਰਾਈਡ ਗ੍ਰੰਥੀ 5. ਪ੍ਰੋਟੀਨ ਦੀ ਘਾਟ

1. ਕਿਸ ਤੱਤ ਦੀ ਘਾਟ ਕਾਰਨ ਜਿਗਰ ਦਾ ਸਾਈਜ਼ ਵੱਧ ਜਾਂਦਾ ਹੈ?
   (1) ਕੈਲਸ਼ੀਅਮ (2) ਪ੍ਰੋਟੀਨ (3) ਲੋਹਾ
2. ਸੋਕੜਾ ਦੀ ਬਿਮਾਰੀ ਕਿਸ ਤੱਤ ਦੀ ਘਾਟ ਕਾਰਨ ਹੁੰਦੀ ਹੈ?
   (1) ਪ੍ਰੋਟੀਨ (2) ਵਿਟਾਮਿਨ ਡੀ (3) ਚਰਬੀ
3. ਕਵਾਸੀਉਰਕਰ ਬਿਮਾਰੀ ਦੇ ਲੱਛਣ ਕੀ ਹਨ?
   (1) ਫੰਗਾਂ ਦਾ ਸੁੱਕਣਾ (2) ਮੋਟਾਪਾ (3) ਕਮਜੋਰੀ
4. ਧੁੱਪ ਅਤੇ ਖੁੱਲ੍ਹੀ ਹਵਾ ਨਾਲ ਕਿਹੜੀ ਬਿਮਾਰੀ ਠੀਕ ਕੀਤੀ ਜਾ ਸਕਦੀ ਹੈ?
   (1) ਬੇਰੀ-ਬੇਰੀ (2) ਸੋਕੜਾ (3) ਕਮਜ਼ੋਰੀ
5. ਰਿਕੇਟਸ ਬਿਮਾਰੀ ਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ?
   (1) ਧੁੱਪ ਅਤੇ ਖੁੱਲ੍ਹੀ ਹਵਾ ਨਾਲ (2) ਦਵਾਈ ਦੁਆਰਾ (3) ਸੰਤੁਲਿਤ ਭੋਜਨ
6. ਕਿਹੜੀ ਬਿਮਾਰੀ ਲੱਗਣ 'ਤੇ ਚਮੜੀ ਖੁਸ਼ਕ ਅਤੇ ਖੁਰਦਰੀ ਹੋ ਜਾਂਦੀ ਹੈ?
   (1) ਵਿਟਾਮਿਨ ਕੇ (2) ਵਿਟਾਮਿਨ ਸੀ (3) ਵਿਟਾਮਿਨ ਡੀ
7. ਵਿਟਾਮਿਨ ਏ ਦੀ ਕਮੀ ਨਾਲ ਕਿਹੜਾ ਰੋਗ ਹੋ ਜਾਂਦਾ ਹੈ?
   (1) ਅੰਧਰਾਤਾ (2) ਮੋਟਾਪਾ (3) ਸੋਕੜਾ
8. ਅੰਧਰਾਤਾ ਕਿਸ ਵਿਟਾਮਿਨ ਦੀ ਘਾਟ ਨਾਲ ਹੁੰਦਾ ਹੈ?
   (1) ਵਿਟਾਮਿਨ ਏ (2) ਵਿਟਾਮਿਨ ਬੀ (3) ਵਿਟਾਮਿਨ ਡੀ
9. ਵਿਟਾਮਿਨ ਬੀ ਦੀ ਘਾਟ ਦੇ ਕੀ ਨੁਕਸਾਨ ਹਨ?
   (1) ਦਿਲ ਕਮਜ਼ੋਰ (2) ਨਾੜੀ ਸੰਸਥਾਨ ਕਮਜ਼ੋਰ (3) ਦੋਨੋਂ
10. ਨਾੜੀ ਸੰਸਥਾਨ ਅਤੇ ਦਿਲ ਕਿਸ ਵਿਟਾਮਿਨ ਦੀ ਘਾਟ ਨਾਲ ਕਮਜੋਰ ਹੁੰਦੇ ਹਨ?
    (1) ਵਿਟਾਮਿਨ 'ਸੀ' (2) ਵਿਟਾਮਿਨ 'ਬੀ' (3) ਵਿਟਾਮਿਨ 'ਡੀ')
11. ਦੰਦ ਅਤੇ ਮਸੂੜੇ ਕਿਹੜੇ ਵਿਟਾਮਿਨ ਦੀ ਘਾਟ ਨਾਲ ਕਮਜੋਰ ਹੁੰਦੇ ਹਨ?
    (1) ਵਿਟਾਮਿਨ ਸੀ (2) ਵਿਟਾਮਿਨ ਈ (3) ਵਿਟਾਮਿਨ ਕੇ
12. ਆਇਓਡੀਨ ਦੀ ਕਮੀ ਨਾਲ ਕਿਹੜਾ ਰੋਗ ਹੋ ਜਾਂਦਾ ਹੈ?
    (1) ਮੋਟਾਪਾ (2) ਗਿੱਲੜ੍ਹ ਰੋਗ (3) ਸੋਕੜਾ
13. ਗਿੱਲੜ੍ਹ ਰੋਗ ਕਿਸਦੀ ਘਾਟ ਕਾਰਨ ਹੁੰਦਾ ਹੈ?
    (1) ਆਇਓਡੀਨ (2) ਲੋਹਾ (3) ਕੈਲਸ਼ੀਅਮ
14. ਔਰਤਾਂ ਵਿੱਚ ਬਾਂਝਪਨ ਕਿਹੜੇ ਵਿਟਾਮਿਨ ਦੀ ਕਮੀ ਨਾਲ ਹੁੰਦਾ ਹੈ?
    (1) ਵਿਟਾਮਿਨ 'ਈ' (2) ਵਿਟਾਮਿਨ 'ਕੇ' (3) ਵਿਟਾਮਿਨ 'ਡੀ'
15. ਚਮੜੀ ਰੋਗ ਕਿਸ ਵਿਟਾਮਿਨ ਦੀ ਘਾਟ ਕਾਰਨ ਹੁੰਦਾ ਹੈ?
    (1) ਵਿਟਾਮਿਨ 'ਸੀ' (2) ਵਿਟਾਮਿਨ 'ਕੇ' (3) ਵਿਟਾਮਿਨ 'ਡੀ'
16. ਘੱਟ ਖੁਰਾਕ ਦੀ ਬਿਮਾਰੀ ਕੀ ਕਹਾਉਂਦੀ ਹੈ?
    (1) ਕੁਪੋਸ਼ਣ (2) ਕਮਜੋਰੀ (3) ਸੋਕੜਾ
17. ਲਹੂ ਨੂੰ ਬਣਾਉਣ ਵਿੱਚ ਕਿਹੜਾ ਤੱਤ ਲੋੜੀਂਦਾ ਹੈ?
    (1) ਮੈਗਨੀਸ਼ੀਅਮ (2) ਲੋਹਾ (3) ਕੈਲਸ਼ੀਅਮ
18. ਖਾਧੇ ਭੋਜਨ ਤੋਂ ਲੋੜੀਂਦੀ ਊਰਜਾ ਮਿਲਣ ਨੂੰ ਕੀ ਆਖਦੇ ਹਨ?

(1) ਕੁਪੋਸ਼ਣ (2) ਪੋਸ਼ਣ (3) ਤਾਕਤ

19. ਵਿਟਾਮਿਨ 'ਸੀ' ਕਿੱਥੋਂ ਪ੍ਰਾਪਤ ਹੁੰਦਾ ਹੈ?

(1) ਖੱਟੇ ਫਲਾਂ ਵਿੱਚ (2) ਸੰਤੁਲਿਤ ਭੋਜਨ (3) ਧੁੱਪ ਤੋਂ

20. ਸਕਰਵੀ ਰੋਗ ਕਿਹੜੇ ਵਿਟਾਮਿਨ ਦੀ ਕਮੀ ਨਾਲ ਹੁੰਦਾ ਹੈ?

(1) ਵਿਟਾਮਿਨ 'ਸੀ' (2) ਵਿਟਾਮਿਨ 'ਡੀ' (3) ਵਿਟਾਮਿਨ 'ਏ'

21. ਮਗਸਮਸ ਰੋਗ ਕਿਹੜੇ ਤੱਤ ਦੀ ਕਮੀ ਕਾਰਨ ਹੁੰਦਾ ਹੈ?

(1) ਊਰਜਾ ਅਤੇ ਪ੍ਰੋਟੀਨ (2) ਸੰਤੁਲਿਤ ਖੁਰਾਕ (3) ਆਇਰਨ

22. ਤਰੁੱਟੀ ਰੋਗ ਕਿਸਦੀ ਘਾਟ ਕਾਰਨ ਹੁੰਦਾ ਹੈ?

(1) ਖਣਿਜਾ ਦੀ ਕਮੀ (2) ਕੈਲਸ਼ੀਅਮ ਦੀ ਘਾਟ (3) ਸੰਤੁਲਿਤ ਭੋਜਨ ਦੀ ਘਾਟ

23. ਆਸਟੋਮਲੇਸ਼ੀਆ ਰੋਗ ਕਿਸ ਤੱਤ ਦੀ ਘਾਟ ਕਾਰਨ ਹੁੰਦਾ ਹੈ?

(1) ਵਿਟਾਮਿਨ ਡੀ (2) ਪ੍ਰੋਟੀਨ (3) ਚਰਬੀ

24. ਪੀਲੀਆ ਰੋਗ ਕਿਸ ਤੱਤ ਦੀ ਘਾਟ ਕਾਰਨ ਹੁੰਦਾ ਹੈ।

(1) ਲੋਹਾ ਤੱਤ (2) ਕੈਲਸ਼ੀਅਮ (3) ਵਿਟਾਮਿਨ $B_{12}$

25. ਮਨੁੱਖ ਦੇ ਸਰੀਰ ਵਿੱਚ ਚਰਬੀ ਵਧਣ ਨਾਲ ਕੀ ਹੁੰਦਾ ਹੈ।

(1) ਸੌਕੜਾ (2) ਮੋਟਾਪਾ (3) ਬਿਮਾਰੀਆਂ

**ਉੱਤਰ ਮਾਲਾ**

1. (2)
2. (2)
3. (3)
4. (2)
5. (1)
6.
7. (1)
8. (1)
9. (3)
10. (2)
11. (1)
12. (2)
13. (1)
14. (1)
15. (1)
16. (1)
17. (2)
18. (2)
19. (1)
20. (1)

21. (1)
22. (3)
23. (1)
24. (1)
25. (2)

## ਪਾਠ-5

## ਮਨੁੱਖ ਅਤੇ ਉਸਦਾ ਵਾਤਾਵਰਨ-ਜੀਵ ਮੰਡਲ

### ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਇਕੋ ਸਿਸਟਮ ਵਿੱਚ ਊਰਜਾ ਦੇ ਚਲਣ ਨੂੰ ਕੀ ਆਖਦੇ ਹਨ? (ਊਰਜਾ ਪ੍ਰਵਾਹ)
2. ਊਰਜਾ ਦਾ ਪ੍ਰਵਾਹ ਕਿਸ ਨੂੰ ਆਖਦੇ ਹਨ?
3. ਜੀਵ ਮੰਡਲ ਦੇ ਕਿੰਨੇ ਭਾਗ ਹੁੰਦੇ ਹਨ?
4. ਬਾਇਓ ਮੰਡਲ ਕਿਸ ਨੂੰ ਆਖਦੇ ਹਨ?
5. ਬਾਇਓ ਮਿਲਕੇ ਬਣੀ ਆਤਮ ਨਿਰਭਰ ਜੈਵਿਕ ਪ੍ਰਣਾਲੀ ਨੂੰ ਕੀ ਕਹਿੰਦੇ ਹਨ?
6. ਜੀਵ ਮੰਡਲ ਤੋਂ ਕੀ ਭਾਵ ਹੈ?
7. ਸ਼ਾਕਾਹਾਰੀ ਪ੍ਰਾਣੀ ਕਿਸਨੂੰ ਕਹਿੰਦੇ ਹਨ?
8. ਸਿਰਫ ਪਦਾਰਥ ਖਾਣ ਵਾਲੇ ਪ੍ਰਾਣੀਆਂ ਨੂੰ ਕੀ ਕਹਿੰਦੇ ਹਨ?
9. ਦੂਜੇ ਜੰਤੂਆਂ ਨੂੰ ਖਾਣ ਵਾਲੇ ਪ੍ਰਾਣੀ ਨੂੰ ਕੀ ਕਹਿੰਦੇ ਹਨ?
10. ਜੰਤੂਆਂ ਅਤੇ ਪੌਦਿਆਂ ਨੂੰ ਖਾਣ ਵਾਲੇ ਪ੍ਰਾਣੀ ਕੀ ਕਹਾਉਂਦੇ ਹਨ?
11. ਕੁਦਰਤ ਦਾ ਸੰਤੁਲਨ ਨੂੰ ਸਭ ਤੋਂ ਜ਼ਿਆਦਾ ਕੌਣ ਵਿਗਾੜਦਾ ਹੈ?
12. ਵਾਯੂਮੰਡਲ ਤੋਂ ਕੀ ਭਾਵ ਹੈ?
13. ਪ੍ਰਿਥਵੀ ਦੀ ਸਤ੍ਹਾ ਤੇ ਪ੍ਰਿਥਵੀ ਦੇ ਉੱਤੇ ਗੈਸਾਂ ਵਾਲੇ ਭਾਗ ਨੂੰ ਕੀ ਕਹਿੰਦੇ ਹਨ?
14. ਥਲ ਮੰਡਲ ਕਿਸਨੂੰ ਆਖਦੇ ਹਨ?
15. ਪ੍ਰਿਥਵੀ ਉੱਪਰ ਜਲ ਦੇ ਬਣੇ ਭਾਗ ਨੂੰ ਕੀ ਕਹਿੰਦੇ ਹਨ?
16. ਜਲ ਮੰਡਲ ਕਿਸਨੂੰ ਆਖਦੇ ਹਨ?
17. ਜੀਵ ਮੰਡਲ ਦਾ ਵਿਸਥਾਰ ਕਿੰਨਾ ਹੈ?
18. ਜੀਵ ਮੰਡਲ ਸਮੁੰਦਰ ਤਲ ਤੋਂ ਕਿੰਨਾ ਉੱਪਰ ਹੈ?
19. ਜੀਵ ਮੰਡਲ ਸਮੁੰਦਰ ਤਲ ਤੋਂ ਕਿੰਨਾ ਹੇਠਾਂ ਹੈ?
20. ਜੀਵ ਮੰਡਲ ਸਮੁੰਦਰ ਤਲ ਤੋਂ ਉੱਤੇ ਅਤੇ ਹੇਠਾਂ ਕਿੰਨਾ ਹੈ?
21. ਵਾਯੂ ਮੰਡਲ ਵਿੱਚ ਕਿੰਨੇ ਪ੍ਰਤੀਸ਼ਤ ਨਾਈਟਰੋਜਨ ਹੈ?
22. ਵਾਯੂ ਮੰਡਲ ਵਿੱਚ ਕਿੰਨੇ ਪ੍ਰਤੀਸ਼ਤ ਆਕਸੀਜਨ ਹੈ?
23. ਕਿਹੜੇ ਪੌਦਿਆਂ ਦੀਆਂ ਜੜ੍ਹਾਂ ਵਿੱਚ ਨਾਈਟਰੋਜਨ ਦੇ ਸਥਿਰੀਕਰਨ ਜੀਵਾਣੂ ਹੁੰਦੇ ਹਨ?
24. ਫਲੀਦਾਰ ਪੌਦਿਆਂ ਦੀਆਂ ਜੜ੍ਹਾਂ ਵਿੱਚ ਕਿਸ ਤਰ੍ਹਾਂ ਦੇ ਸਥਿਰੀਕਰਨ ਜੀਵਾਣੂ ਹੁੰਦੇ ਹਨ?
25. ਊਰਜਾ ਅਤੇ ਪਦਾਰਥ ਦਾ ਸਥਾਨੰਤਰ ਕਰਨਾ ਕਿਸ ਦਾ ਕੰਮ ਹੈ? (ਆਹਾਰ ਲੜੀਦਾਰ)
26. ਵਾਯੂਮੰਡਲ ਵਿੱਚ ਕਿੰਨੇ ਪ੍ਰਤੀਸ਼ਤ ਕਾਰਬਨ ਡਾਈਆਕਸਾਈਡ ਹੈ? (0.03)
27. ਵੱਖ-ਵੱਖ ਆਹਾਰ ਲੜੀਆਂ ਮਿਲਕੇ ਕੀ ਬਣਾਉਂਦੀਆਂ ਹਨ? (ਆਹਾਰ ਜਾਲ)
28. ਭੋਜਨ ਦੇ ਆਧਾਰ ਤੇ ਜੀਵ ਕਿੰਨੇ ਭਾਗਾਂ ਵਿੱਚ ਵੰਡੇ ਜਾ ਸਕਦੇ ਹਨ? (ਦੋ)
29. ਭੋਜਨ ਲੜੀ ਵਿੱਚ ਉਤਪਾਦਕ ਪੱਧਰ ਤੇ ਊਰਜਾ ਤਬਦੀਲੀ ਨਾਲ ਕੀ ਪ੍ਰਾਪਤ ਹੁੰਦਾ ਹੈ? (ਵੱਧ ਕੈਲੋਰੀਆਂ)
30. ਵਾਤਾਵਰਣ ਵਿੱਚ ਚਮਕਦੀ ਬਿਜਲੀ ਰਾਹੀਂ ਕਿਹੜੀ ਕਿਰਿਆ ਹੁੰਦੀ ਹੈ? (ਵਾਤਾਵਰਨ ਸਥਿਰੀਕਰਨ

31. ਬਿਜਲੀ ਦੇ ਚਾਨਣ ਨਾਲ ਵਾਤਾਵਰਨ ਵਿੱਚ ਨਾਈਟਰੋਜਨ ਤੋਂ ਕਿਹੜੀ ਦੋ ਯੋਗਿਕ ਬਣਦੇ ਹਨ? (ਅਮੋਨੀਆ ਅਤੇ ਨਾਈਟ੍ਰੇਟ)
32. ਜੀਵ ਮੰਡਲ ਵਿੱਚ ਊਰਜਾ ਦਾ ਸੋਮਾ ਕੀ ਹੈ? (ਸੂਰਜ)
33. ਪੌਦੇ ਪ੍ਰਕਾਸ਼ ਸੰਸ਼ਲੇਸ਼ਣ ਦੀ ਕਿਰਿਆ ਰਾਹੀ ਹਵਾ ਵਿੱਚ ਕੀ ਗ੍ਰਹਿਣ ਕਰਦੇ ਹਨ? (ਕਾਰਬਨ ਡਾਈਆਕਸਾਈਡ)
34. ਹਵਾ ਵਿੱਚ ਕਿੰਨੇ ਪ੍ਰਤੀਸ਼ਤ ਨਾਈਟਰੋਜਨ ਗੈਸ ਹੈ। (70.04%)
35. ਪਾਣੀ ਦਾ ਮੁੱਖ ਤੱਤ ਕਿਹੜਾ ਹੈ। (ਹਾਈਡਰੋਜਨ)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਬਾਇਓ ਮੰਡਲ ਕਿਸਨੂੰ ਆਖਦੇ ਹਨ?
2. ਜੀਵਮੰਡਲ ਤੋਂ ਕੀ ਭਾਵ ਹੈ।
3. ਜਲ ਵਿਗਿਆਨਕ ਚੱਕਰ ਤੋਂ ਕੀ ਭਾਵ ਹੈ?
4. ਜੀਵ ਮੰਡਲ ਦੇ ਵਿਸਥਾਰ ਬਾਰੇ ਦੱਸੋ।
5. ਭੋਜਨ ਜਾਲ ਤੋਂ ਕੀ ਭਾਵ ਹੈ।
6. ਸਰਵ-ਆਹਾਰੀ ਜੀਵ ਕਿੰਨ੍ਹਾਂ ਨੂੰ ਆਖਦੇ ਹਨ?
7. ਸਵੈ-ਪੋਸ਼ੀ ਆਹਾਰੀ ਜੀਵ ਕਿਸਨੂੰ ਆਖਦੇ ਹਨ?
